ਅਗਸਤ ਦੀ 15

ਲੇਖਕ : ਪ੍ਰਿੰ. ਸਤਿਬੀਰ ਸਿੰਘ

(ਨੌਜਵਾਨਾਂ ਲਈ ਖਾਸ ਲੇਖ)

ਟ੍ਰੈਕਟ 16

* ਸ਼ਬਦ ਵੀਚਾਰ : ਸ: ਰਵਿੰਦਰ ਸਿੰਘ ਪਿੰਜੌਰ
* ਸਿਖੀ ਵਿਚ ਜੰਤ੍ਰ - ਮੰਤ੍ਰ।
* 97 ਫੀਸਦੀ ਸਿੱਖਾਂ ਵਲੋਂ ਬੇਅੰਤ ਸਿੰਘ ਦੇ "ਦੋਸ਼ੀ" ਸਾਫ਼ ਬਰੀ।
* ਇਨਸਾਫ ਦਾ ਕਤਲ।
* ਭਗਤ ਸਿੰਘ ਨੇ ਕੇਸ ਕਿਉਂ ਕਤਲ ਕਰਵਾਏ?
* A Bit About Sikhism - II
* Baba of Riches.
* ਖਬਰ ਨਾਮਾ।

ਸ਼ਹੀਦ ਭਗਤ ਸਿੰਘ

ਖੋ ਆਖਰੀ ਸਫ਼ੇ ਤੇ ਇਕ ਹੋਰ ਯਾਦਗਾਰੀ ਫ਼ੋਟੋ)

ਆਪ ਪੜ੍ਹੋ ਅਤੇ ਹੋਰਾਂ ਨੂੰ ਪੜ੍ਹਾਓ

ਪ੍ਰੇਮ ਭੇਟਾ ਵਲੋਂ

ਪੰਜਾਬ ਖਾਲਸਾ ਟ੍ਰੈਕਟ ਸੋਸਾਇਟੀ (ਰਜਿ.)

#2532-ਬੀ, ਸੈਕਟਰ 47-ਸੀ, ਚੰਡੀਗੜ੍ਹ-160047

ਫੋਨ: ਪ੍ਰਧਾਨ (0172) 2630903, ਜ. ਸਕੱਤਰ (0172)2611513

ਸ਼ਬਦ ਵਿਚਾਰ

ਸਲੋਕ ਮ: ੧॥

ਧ੍ਰਿਗੁ ਤਿਨ੍ਾ ਦਾ ਜੀਵਿਆ, ਜਿ ਲਿਖਿ ਲਿਖਿ ਵੇਚਹਿ ਨਾਉ॥
ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ ॥
ਸਚੈ ਸਰਮੈ ਬਾਹਰੇ ਅਗੈ ਲਹਹਿ ਨ ਦਾਦਿ॥
ਅਕਲਿ ਏਹ ਨ ਆਖੀਐ, ਅਕਲਿ ਗਵਾਈਐ ਬਾਦਿ ॥
ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥
ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥
ਨਾਨਕ ਆਖੈ ਰਾਹ ਏਹੁ ਹੋਰਿ ਗਲਾਂ ਸੈਤਾਨੁ ॥੧॥ (1245)

ਪਦ ਅਰਥ :- ਜਿ- ਜੋ ਮਨੁੱਖ। ਨਾਉ - (ਤਵੀਤ ਤੇ ਜੰਤ੍ਰ-ਮੰਤ੍ਰ ਆਦਿਕ ਦੀ ਸ਼ਕਲ ਵਿਚ) ਪ੍ਰਭੂ ਦਾ ਨਾਮ। ਕਿਆ ਥਾਉ- (ਭਾਵ) ਕੋਈ ਥਾਂ ਨਹੀਂ, ਕਿਤੇ ਨਹੀਂ ਬਣਦਾ। ਸਰਮ- ਉੱਦਮ। ਦਾਦਿ - ਕਦਰ, ਸ਼ਾਬਾਸ਼ੇ। ਬਾਦਿ - ਵਿਅਰਥ। ਸੇਵੀਐ- ਸਿਮਰੀਏ। ਮਾਨੁ- ਇੱਜ਼ਤ। ਕੀਚੈ ਦਾਨੁ- (ਉਹ ਸਮਝ) ਹੋਰਨਾਂ ਨੂੰ ਭੀ ਸਿਖਾਇਏ।

ਅਰਥ :- ਜੋ ਮਨੁੱਖ ਪਰਮਾਤਮਾ ਦਾ ਨਾਮ (ਤਵੀਤ ਤੇ ਜੰਤ੍ਰ-ਮੰਤ੍ਰ ਆਦਿਕ ਦੀ ਸ਼ਕਲ ਵਿਚ) ਵੇਚਦੇ ਹਨ ਉਹਨਾਂ ਦੇ ਜੀਉਣ ਨੂੰ ਲਾਨ੍ਹਤ ਹੈ (ਜੇ ਉਹ ਬੰਦਗੀ ਭੀ ਕਰਦੇ ਹਨ ਤਾਂ ਭੀ ਉਹਨਾਂ ਦੀ 'ਨਾਮ' ਵਾਲੀ ਫਸਲ ਇਸ ਤਰਾਂ ਨਾਲੋ ਨਾਲ ਹੀ ਉੱਜੜਦੀ ਜਾਂਦੀ ਹੈ, ਤੇ) ਜਿੰਨ੍ਹਾਂ ਦੀ ਫਸਲ (ਨਾਲੋ ਨਾਲ) ਉੱਜੜਦੀ ਜਾਏ ਉਹਨਾਂ ਦਾ ਖਲਵਾੜਾ (ਕੋਠਾ) ਕਿੱਥੇ ਭਰਨਾ ਹੋਇਆ? (ਭਾਵ, ਉਸ ਬੰਦਗੀ ਦਾ ਚੰਗਾ ਸਿੱਟਾ ਨਹੀਂ ਨਿਕਲ ਸਕਦਾ, ਕਿਉਂਕਿ ਉਹ ਬੰਦਗੀ ਦੇ ਸਹੀ ਰਾਹ ਤੋਂ ਖੁੰਝੇ ਰਹਿੰਦੇ ਹਨ) ਸਹੀ ਮਿਹਨਤ ਤੋਂ ਬਿਨਾ ਪ੍ਰਭੂ ਦੀ ਹਜ਼ੂਰੀ ਵਿਚ ਭੀ ਉਹਨਾਂ ਦੀ ਕਦਰ ਨਹੀਂ ਹੁੰਦੀ ।(ਪਰਮਾਤਮਾ ਦਾ ਸਿਮਰਨ ਕਰਨਾ ਬੜੀ ਸੁੰਦਰ ਅਕਲ ਦੀ ਗੱਲ ਹੈ,ਪਰ ਤਵੀਤ-ਧਾਗੇ ਬਣਾ ਕੇ ਦੇਣ ਵਿੰਚ ਰੁੱਝ ਪੈਣ ਨਾਲ ਇਹ) ਅਕਲ ਵਿਅਰਥ ਗਵਾ ਲੈਣਾ- ਇਸ ਨੂੰ ਅਕਲ ਨਹੀਂ ਆਖੀਦਾ।

ਅਕਲ ਇਹ ਹੈ ਕਿ ਪਰਮਾਤਮਾ ਦਾ ਸਿਮਰਨ ਕਰੀਏ ਤੇ ਇੱਜ਼ਤ ਖੱਟੀਏ, ਅਕਲ ਇਹ ਹੈ ਕਿ (ਪ੍ਰਭੂ ਦੀ ਸਿਫਤਿ-ਸਾਲਾਹ ਵਾਲੀ ਬਾਣੀ) ਪੜ੍ਹੀਏ (ਇਸ ਦੇ ਡੂੰਘੇ ਭੇਤ) ਸਮਝੀਏ ਤੇ ਹੋਰਨਾਂ ਨੂੰ ਸਮਝਾਈਏ। ਨਾਨਕ ਆਖਦਾ ਹੈ - ਜ਼ਿੰਦਗੀ ਦਾ ਸਹੀ ਰਸਤਾ ਸਿਰਫ ਇਹੀ ਹੈ, (ਸਿਮਰਨ ਤੋਂ) ਲਾਂਭੇ ਦੀਆਂ ਗੱਲਾਂ (ਦੱਸਣ ਵਾਲਾ) ਸ਼ੈਤਾਨ ਹੈ।

ਸ਼ਬਦ ਵੀਚਾਰ:- ਇਸ ਸਲੋਕ ਵਿਚ ਗੁਰੂ ਨਾਨਕ ਸਾਹਿਬ ਇਕ ਅਨਮੋਲ ਸਿਧਾਂਤ ਦ੍ਰਿੜ ਕਰਵਾਉਂਦੇ ਹਨ। ਉਹ ਸਿਧਾਂਤ ਹੈ ਕਿ ਪ੍ਰਭੂ ਦਾ ਨਾਮ (ਸੱਚ ਦੀ ਵਿਚਾਰ) ਨਾਲ ਜੁੜਨ ਦਾ ਮਤਲਬ ਹੈ ਕਿ ਉਸ ਨੂੰ ਸਮਝ ਵਿਚਾਰ ਕੇ ਉਸ ਅਨੁਸਾਰ ਜੀਵਨ

ਬਣਾਉਣਾ। ਦੂਜੀ ਤਰਫ ਜੋ ਕਿਸੇ ਖਾਸ ਗੁਰਬਾਣੀ ਸ਼ਬਦ ਨੂੰ ਮੰਤਰ ਵਾਂਗੂ (ਬਿਨਾ ਸਮਝੇ ਵਿਚਾਰੇ) ਸਿਰਫ ਤੋਤਾ ਰਟਨੀ, ਤਵੀਤਾਂ ਆਦਿ ਰੂਪ ਵਿਚ ਲਿਖਦੇ/ਪੜ੍ਹਦੇ ਹਨ ਉਹਨਾਂ ਦੀ ਜਿੰਦਗੀ ਬੇਕਾਰ ਗਵਾ ਲਈ ਸਮਝੋ। ਕਿਉਂਕੀ ਇਸ ਤਰਾਂ ਕਰਨ ਨਾਲ ਉਹ ਤਾਂ ਸੱਚ ਤੋਂ ਟੁੱਟੇ ਹੁੰਦੇ ਹਨ, ਨਾਲ ਹੀ ਆਪਨੇ ਸ਼ਰਧਾਲੂਆਂ ਜਾਂ ਪ੍ਰੇਮੀਆਂ ਨੂੰ ਵੀ ਸੱਚ ਤੋਂ ਭਟਕਾ ਕੇ ਉਹਨਾਂ ਦੀ ਜ਼ਿੰਦਗੀ ਖੁਆਰ ਕਰਨ ਦਾ ਕਾਰਨ ਬਣਦੇ ਹਨ। ਸੋ ਇਹੋ ਜਿਹੇ ਲੋਕਾਂ (ਅਖੌਤੀ ਸੰਤਾਂ/ ਬਾਬਿਆਂ/ ਪੀਰਾਂ) ਦਾ ਜੀਵਨ ਧਿੱਕਾਰ ਯੋਗ ਹੈ।

ਗੁਰਮਤਿ ਮਿਹਨਤ (ਉਦਮ) ਦਾ ਮਾਰਗ ਹੈ। ਇਸ ਵਿਚ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਿਤੇ ਉਪਦੇਸ਼ਾਂ ਨੂੰ ਸਮਝ / ਵਿਚਾਰ ਕੇ ਉਸ ਅਨੁਸਾਰ ਜੀਵਨ ਬਣਾਉਣਾ ਹੀ ਪ੍ਰਵਾਨ ਹੈ। ਪਰ ਅਫਸੋਸ ਅੱਜ ਸਿੱਖ ਸਮਾਜ ਇਸ ਰਾਹ ਤੋਂ ਕਰੀਬ-ਕਰੀਬ ਭਟਕ ਚੁਕਾ ਹੈ। ਗੁਰਬਾਣੀ ਨੂੰ "ਮੰਤਰ" ਵਾਂਗੂ ਵਰਤਿਆ ਜਾ ਰਿਹਾ ਹੈ। ਬੀਮਾਰੀ ਦੂਰ ਕਰਨ ਲਈ **"ਤਾਤੀ ਵਾਉ ਨ ਲਗਈ, ਪਾਰਬ੍ਰਹਮ ਸ਼ਰਨਾਈ"** ਸ਼ਬਦ ਨੂੰ ਪੜਨ ਦੇ ਉਪਦੇਸ਼ ਦਿਤੇ ਜਾ ਰਹੇ ਹਨ ਇਸੇ ਤਰਜ਼ ਉਤੇ ਅਲਗ-ਅਲਗ ਮੰਤਵਾਂ (ਮੁਕਦਮਾ ਜਿਤਨਾ, ਪੈਸੇ ਦੀ ਪ੍ਰਾਪਤੀ, ਕਿਸੇ ਦਾ ਦਿਲ ਜਿਤਨਾ ਆਦਿ) ਵਾਸਤੇ ਸਪੈਸ਼ਲ ਸ਼ਬਦਾਂ ਦਾ, ਨਿਰਧਾਰਤ ਗਿਣਤੀ ਵਿਚ ਪੜਨ ਦਾ ਉਪਦੇਸ਼ ਦੇਣ ਵਾਲੀਆਂ "ਮਨਮੱਤੀ" ਕਿਤਾਬਾਂ ਛਪ ਰਹੀਆਂ ਹਨ। ਜਿਵੇਂ ਦੁਖ ਭੰਜਨੀ ਗੁਟਕਾ, ਸੰਕਟ ਮੋਚਨ ਆਦਿ। ਕਈ ਮਨਮੱਤੀ ਗ੍ਰੰਥੀ/ਬਾਬੇ/ਸੰਤ ਆਦਿ ਗੁਰਬਾਣੀ ਦੇ ਸ਼ਬਦ ਕਾਗਜਾਂ (ਤਵੀਤਾਂ ਆਦਿ ਦੇ ਰੂਪ ਵਿਚ) ਉਤੇ ਲਿਖ ਕੇ ਦੇ ਰਹੇ ਹਨ, ਜਲ ਨੂੰ ਗੁਰਬਾਣੀ ਪੜ ਕੇ "ਅੰਮ੍ਰਿਤ" ਕਹਿ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਐਸੇ ਕਈ ਹੋਰ ਮਨਮੱਤੀ ਕਰਮ ਕਾਂਡ ਵੀ ਕਰ ਰਹੇ ਹਨ। ਦੂਜੀ ਤਰਫ ਆਮ ਸਿੱਖ ਸਮਾਜ ਵੀ ਗੁਰਬਾਣੀ ਨੂੰ ਸਿਰਫ ਤੋਤਾ ਰਟਨੀ (ਅਖੰਡ ਪਾਠ, ਸੰਪਟ ਪਾਠ, ਪਾਠਾਂ ਦੀਆਂ ਲੜੀਆਂ, ਕੀਰਤਨ ਦਰਬਾਰ ਆਦਿ) ਤੱਕ ਹੀ ਸੀਮਿਤ ਕਰ ਕੇ ਰੱਖ ਰਿਹਾ ਹੈ। ਜੇ ਸਮੁੱਚਾ ਸਿੱਖ ਸਮਾਜ ਗੁਰਬਾਣੀ ਨੂੰ "ਜੀਵਨ-ਜਾਚ" ਦੇ ਤੌਰ ਉਤੇ ਅਪਨਾ ਲਵੇ ਤਾਂ ਕੌਮ ਦੀ ਕਾਇਆ ਹੀ ਪਲਟ ਸਕਦੀ ਹੈ। ਧਰਮ ਦੇ ਨਾਂ ਉਤੇ ਐਸੇ ਜੰਤ੍ਰਾਂ, ਤੰਤ੍ਰਾਂ, ਮੰਤ੍ਰਾਂ ਅਤੇ ਤੋਤਾ ਰਟਨੀਆਂ ਰੂਪੀ ਕਰਮਕਾਂਡਾਂ ਦਾ ਖੰਡਨ ਕਰਦਾ ਗੁਰਵਾਕ ਹੈ -

"ਕਰਮ ਧਰਮ ਪਾਖੰਡ ਜੋ ਦੀਸਹਿ, ਤਿਨ ਜਮੁ ਜਾਗਾਤੀ ਲੂਟੈ॥"

ਇਸ ਸ਼ਬਦ ਵਿਚ ਵੀ ਇਹੀ ਸਮਝਾਇਆ ਗਿਆ ਹੈ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਇਹੋ ਜਿਹੇ ਕਰਮਕਾਂਡ ਕਰਨ ਵਾਲੇ ਲੋਕਾਂ ਦੀ ਸਮਝੋ, "ਜਿੰਦਗੀ ਰੂਪੀ" ਕੀਮਤੀ ਫਸਲ ਉਜੜ ਗਈ ਹੈ, ਬੁਰਬਾਦ ਹੋ ਗਈ ਹੈ। ਉਹ "ਸੱਚ" ਤੋਂ ਸੱਖਣੇ ਹੀ ਰਹਿ ਜਾਂਦੇ ਹਨ। ਜਿਹੜੇ ਗੁਰਬਾਣੀ (ਸੱਚ) ਨੂੰ ਜੀਵਨ ਜਾਚ ਬਣਾਉਣ ਵਾਲੀ ਮਿਹਨਤ ਨਹੀਂ ਕਰਦੇ ਉਹਨਾਂ ਦੀ ਕੋਈ ਕਦਰ ਨਹੀਂ ਹੁੰਦੀ । ਉਹਨਾਂ ਦੇ ਇਹ ਕੰਮ (ਕਰਮਕਾਂਡ) ਅਕਲ ਵਾਲੀ ਗੱਲ ਨਹੀਂ ਹਨ। ਅਕਲ ਵਾਲੀ ਗੱਲ ਤਾਂ ਇਹ ਹੈ ਕਿ ਅਸੀਂ ਸੱਚ ਨਾਲ (ਪ੍ਰਭੂ ਨਾਲ) ਜੁੜੀਏ, ਸੱਚ ਨੂੰ ਸਮਝੀਏ ਤੇ ਉਸ ਅਨੁਸਾਰ ਜੀਵਨ ਬਣਾਈਏ। ਨਾਨਕ ਜੀ ਦੱਸਦੇ ਹਨ ਪ੍ਰਭੂ ਦੀ ਪ੍ਰਾਪਤੀ ਦਾ ਸਿਰਫ ਇਕ ਇਹੀ ਰਸਤਾ ਹੈ ਬਾਕੀ ਸਭ ਗੱਲਾਂ (ਕਰਮਕਾਂਡ ਆਦਿ) ਵਿਅਰਥ ਹਨ। ਉਸ ਨਾਲ ਸ਼ੈਤਾਨ ਬਿਰਤੀ ਹੀ ਬਣਦੀ ਹੈ।

ਰਵਿੰਦਰ ਸਿੰਘ
0935489190

ਨੌਜਵਾਨਾਂ ਲਈ ਖਾਸ

ਅਗਸਤ ਦੀ ਪੰਦਰਾਂ

ਯਾਦ ਦੀ ਤਖਤੀ ਤੋਂ -ਇਤਿਹਾਸ ਦੇ ਪੰਨਿਆਂ ਵਿਚੋਂ

ਪ੍ਰਿੰ : ਸਤਿਬੀਰ ਸਿੰਘ

ਜਦ ਵੀ ਅਗਸਤ ਦੀ ਪੰਦਰਾਂ ਆਂਉਂਦੀ ਹੈ, ਆਪਣੇ ਨਾਲ ਯਾਦਾਂ ਦਾ ਹਜੂਮ ਲੈ ਕੇ ਆਉਂਦੀ ਹੈ । ਕਈ ਯਾਦਾਂ ਇਤਿਹਾਸ ਦੇ ਪੰਨਿਆਂ ਉਤੇ ਉਕਰੀਆਂ ਪਈਆਂ ਹਨ ਅਤੇ ਕੁਝ ਅਜੇ ਸਵੇਰ ਦੀ ਤਰੇਲ ਵਾਂਗੂ ਤਾਜ਼ਾ ਹਨ । ਇਹ ਯਾਦ ਤਾਂ ਨਿਤ ਨਵੀਂ ਹੀ ਰਹੇਗੀ ਕਿ ਅਸਾਂ ਜਿਹਲਮ (ਮੌਜੂਦਾ ਪਾਕਿਸਤਾਨ ਦਾ ਇਕ ਸ਼ਹਿਰ) ਦੇ ਬਰੇਤੇ ਛੱਡੇ, ਗੁਰਦੁਆਰੇ ਦੇ ਖੂਹ ਦਾ ਠੰਢਾ ਪਾਣੀ ਛਡਿਆ, ਬਾਗ ਮਹੱਲਾ ਦੇ ਘਰ ਛੱਡੇ । ਵਰ੍ਹਦੀਆਂ ਗੋਲੀਆਂ, ਬਲਦੀਆਂ ਅੱਗਾਂ, ਤਕਬੀਰ ਤੇ ਅਲਾਹ-ਹੁ-ਅਕਬਰ ਦੇ ਗੂੰਜਦੇ ਨਾਅਰਿਆਂ ਅਤੇ ਚਲਦੇ ਛੁਰਿਆਂ ਵਿੱਚ, ਫੌਜੀਆਂ ਦੀ ਹਿਰਾਸਤ ਵਿਚ, ਬੰਦੂਕਾਂ ਦੀ ਛਾਂ ਹੇਠਾਂ ਸਾਹ ਘੁੱਟੀ, ਦੱਬੀ ਜ਼ਬਾਨੀ 'ਮੁੜ ਕਦੇ ਨਾ ਆਵਾਂਗੇ' ਆਖਦੇ 'ਅਟਾਰੀ' ਟੱਪਿਆ । ਜਦ ਤਕ ਸਾਹ ਹੈ ਉਹ ਸਮਾਂ ਕਦੇ ਭੁੱਲਣ ਨਹੀਂ ਲੱਗਾ ਪਰ ਕੁਝ ਯਾਦਾਂ ਐਸੀਆਂ ਹਨ ਜਿਨ੍ਹਾਂ ਨੂੰ ਯਾਦ ਦੀ ਤਖਤੀ ਦੀ ਥਾਂ ਇਤਿਹਾਸ ਦੇ ਪੰਨਿਆਂ ਵਿਚੋਂ ਢੂੰਡ ਕੱਢਣਾ ਪਵੇਗਾ। ਸਿਆਣਿਆਂ ਨੇ ਇਕ ਪੀੜ੍ਹੀ ਦੀ ਉਮਰ 20 ਕੁ ਸਾਲ ਮਿੱਥੀ ਹੈ । ਵੀਹ ਸਾਲਾਂ ਵਿੱਚ ਦੂਜੀ ਪੀੜ੍ਹੀ ਪਹਿਲੀ ਦੀ ਥਾਂ ਆਮ ਕਰਕੇ ਲੈ ਲੈਂਦੀ ਹੈ । 24 ਅਗਸਤ 1945 ਨੂੰ ਜਪਾਨੀਆਂ ਨੇ ਜਰਮਨੀਆਂ ਪਿਛੋਂ ਇਤਿਹਾਦੀਆਂ ਅੱਗੇ ਹਥੀਆਰ ਸੁੱਟ ਦਿੱਤੇ ਸਨ । ਉਸ ਘਟਨਾ ਨੂੰ ਪੂਰੇ 41 ਸਾਲ ਹੋ ਗਏ ਹਨ । ਸੋ ਅੱਜ ਦੀ ਸਿੱਖ ਪੀੜ੍ਹੀ ਨੂੰ ਅੱਜ ਦੇ ਦਿਨ ਤਲਖ ਯਾਦਾਂ ਸੁਨਾਣੀਆਂ ਹਨ ਤਾਂ ਕਿ ਇਹ ਉਹ ਭੁਲਾਂ ਨਾ ਕਰੇ ਜਿਨ੍ਹਾਂ ਕਰਕੇ ਕੌਮ ਨੇ ਪਿਛਲੇ ਛੇ ਦਹਾਕਿਆਂ ਵਿਚ ਠੋਕਰਾਂ ਖਾਧੀਆਂ ਅਤੇ ਖਾ ਰਹੀ ਹੈ।

ਅੱਠ ਮਈ 1945 ਨੂੰ ਜਰਮਨੀ ਨੇ ਹਥਿਆਰ ਸੁੱਟ ਦਿੱਤੇ । **ਚਰਚਲ ਨੇ ਆਪਣੀ ਹਰ-ਦਿਲ-ਅਜ਼ੀਜ਼ੀ ਦਾ ਮੁੱਲ ਵੱਟਣ ਲਈ ਇੰਗਲੈਂਡ ਵਿੱਚ ਚੋਣਾਂ ਦਾ ਐਲਾਨ ਕਰ ਦਿਤਾ। ਪਰ ਜੁਲਾਈ 45 ਦੀਆਂ ਆਮ ਚੋਣਾਂ ਵਿਚ ਇੰਗਲੈਂਡ ਦੇ ਲੋਕਾਂ ਨੇ,** ਚਰਚਲ ਨੂੰ ਥੱਕਿਆ ਤੇ ਨਿਰੋਲ ਜੰਗੀ ਆਗੂ ਜਾਣ ਕੇ ਵੋਟਾਂ ਨਾ ਪਾਈਆ ਤੇ ਹਕੂਮਤ ਦੀ ਵਾਗਡੋਰ ਲੇਬਰ ਪਾਰਟੀ ਦੇ ਆਗੂ ਐਟਲੀ ਨੂੰ ਦੇ ਦਿੱਤੀ *। ਜਦ 6 ਅਗਸਤ 1945 ਨੂੰ ਹੀਰਸ਼ੀਮਾ ਅਤੇ ਫਿਰ 9 ਅਗਸਤ ਨੂੰ ਨਾਗਾਸਾਕੀ ਉੱਤੇ ਅਮਰੀਕਾ ਨੇ ਐਟਮ ਬੰਬ ਸੁਟਿਆ ਤਾਂ ਜਪਾਨੀਆਂ ਨੇ ਵੀ ਹਥਿਆਰ ਸੁੱਟਣ ਵਿਚ ਭਲ ਮਨਾਈ । **ਹਿੰਦੁਸਤਾਨ ਵਿਚ** 'ਹਿੰਦੋਸਤਾਨ ਛਡੋ' **ਦੀ ਗੱਲ ਜ਼ੋਰ ਪਕੜ ਗਈ। ਲੰਮੀ ਵੱਡੀ ਜੰਗ ਕਾਰਨ ਬਰਤਾਨੀਆਂ ਸਖਤ ਆਰਥਕ ਸੰਕਟ ਵਿਚ ਫਸ ਗਿਆ।** ਐਟਲੀ ਨੇ ਜਿਥੇ ਆਪਣੀ ਆਰਥਿਕ ਪਾਲਿਸੀ ਦਾ ਐਲਾਨ ਕੀਤਾ ਉਥੇ ਰਾਜਨੀਤਕ ਨੀਤੀਆਂ ਦਾ ਵੀ ਵਿਸਥਾਰ

---

* ਸਿੱਖ ਅਜ ਵੀ ਬੁੱਢੀ ਅਤੇ ਥਕੀ ਹੋਈ ਲੀਡਰਸ਼ਿਪ ਨੂੰ ਲਾਂਭੇ ਕਰਨ ਨੂੰ ਤਿਆਰ ਨਹੀ।

ਦੱਸ ਦਿੱਤਾ ।ਐਟਲੀ ਦੇ ਬਿਆਨਾਂ ਤੋਂ ਸਪੱਸਟ ਸੀ ਕਿ ਅੰਗਰੇਜ਼ ਹਿੰਦੁਸਤਾਨ ਛੱਡਣ ਲਈ ਤਿਆਰ ਹਨ, ਪਰ ਉਸ ਨੇ ਬੜੀ ਸੰਜੀਦਗੀ ਨਾਲ ਆਖਿਆ ਕਿ ਵੱਡੀ ਸਮੱਸਿਆ ਇਹ ਹੈ ਕਿ ਉਹ ਹਕੂਮਤ ਦੀ ਵਾਰਡੋਰ ਕਿਸ ਦੇ ਹਵਾਲੇ ਕਰਨ। **ਕਾਂਗਰਸ ਨੇ ਉਸ ਖਿਆਲ ਨੂੰ ਮੁੜ ਦੁਹਰਾਇਆ ਕਿ ਅੰਗਰੇਜ਼ ਛੱਡ ਜਾਣ ਬਾਕੀ ਅਸੀਂ ਆਪੇ ਸੰਭਾਲ ਲਵਾਂਗੇ। ਪਰ ਮੁਹੰਮਦ ਅਲੀ ਜਿਨਾਹ ਨੇ ਸਪਸ਼ਟ ਅੱਖਰਾਂ ਵਿਚ ਕਿਹਾ ਕਿ ਅੰਗਰੇਜ਼ ਛੱਡਣ ਜ਼ਰੂਰ ਪਰ ਪਹਿਲਾਂ ਵੰਡ ਕਰਨ।** ਕਵਿਟ ਇੰਡੀਆ ਦੀ ਥਾਂ ਉਸ ਨੇ 'ਡਿਵਾਈਡ ਐਂਡ ਕਵਿਟ' ਦਾ ਨਾਅਰਾ ਦਿੱਤਾ। ਇਥੋਂ ਤੱਕ ਉਸ ਕਹਿ ਦਿੱਤਾ ਕਿ ਜਾਂ ਤਾਂ ਹਿੰਦ ਦੀ ਵੰਡ ਕਰਾਵਾਂਗੇ ਜਾਂ ਇਸ ਨੂੰ ਤਬਾਹ ਬਰਬਾਦ। (We shall have India divided or we shall have India destroyed) ਇਸੇ ਅਧਾਰ ਉਤੇ ਨਵੀਆਂ ਚੋਣਾਂ ਹੋਈਆਂ। ਸਿੱਖ ਦੋਇ ਪੁੜ ਚੱਕੀ ਵਿਚ ਲਿਤਾੜੇ ਜਾ ਰਹੇ ਸਨ। ਉਨ੍ਹਾਂ ਦੇ ਆਗੂਆਂ ਨੂੰ ਸੁਝ ਹੀ ਨਹੀ ਸੀ ਰਿਹਾ ਕਿ ਕੀ ਹੋ ਰਿਹਾ ਹੈ। ਲੰਮੀ ਨਜਰ ਨਾ ਹੋਣ ਕਾਰਨ ਕੋਈ ਠੋਸ ਗੱਲ ਆਖ ਨਾ ਸਕੇ ਤੇ ਨਾ ਹੀ ਦੂਜਿਆਂ ਤਕ ਦਰਸਾ ਸਕੇ। ਚੋਣਾਂ ਹੋਈਆਂ, ਕਾਂਗਰਸ ਨਾਲ ਸਮਝੌਤਾ ਕਰਕੇ ਕੁਝ ਸੀਟਾਂ ਛੱਡ ਦਿੱਤੀਆਂ ਗਈਆਂ। ਸ਼੍ਰੋਮਣੀ ਅਕਾਲੀ ਦਲ ਨੇ 32 ਵਿਚੋਂ 23 ਜਿੱਤ ਲਈਆਂ। ਤੀਜੀ ਕੌਮ ਦੀ ਗੱਲ ਅੰਗਰੇਜਾਂ ਮੰਨ ਲਈ ਪਰ ਇਹ ਤੀਜੀ ਕੌਮ ਚਾਹੁੰਦੀ ਕੀ ਸੀ, ਆਗੂ ਪ੍ਰਗਟਾਅ ਨਾ ਸਕੇ। ਜੇ ਕੁਝ ਦਰਸਾ ਸਕੇ ਤਾਂ ਉਸ ਉੱਤੇ ਟਿਕ ਨਾ ਸਕੇ। ਰੋਜ਼ ਨਵੀਂ ਗੱਲ, ਨਵੇਂ ਚੜ੍ਹਦੇ ਸੂਰਜ ਨਵੀਂ ਸਕੀਮ ਤੇ ਹਰ ਦਿਹਾੜੇ ਨਵਾਂ ਪੈਂਤੜਾ । ਗੁਰੂ ਗੋਬਿੰਦ ਸਿੰਘ ਆਪਣੇ ਆਖਰੀ ਹੁਕਮਾਂ ਵਿਚ ਪੰਥ ਨੂੰ ਆਖ ਗਏ ਸਨ ਕਿ 'ਸਿਆਸਤ ਪੜ੍ਹਨੀ' ਪਰ ਬਦਕਿਸਮਤੀ ਨੂੰ ਕਿਸੇ ਆਗੂ ਨੇ ਸਿਆਸਤ ਨਾ ਪੜੀ। ਸਿੱਖ ਆਗੂਆਂ ਦੀ ਸਿਆਸਤ ਸ਼ਰੋਮਣੀ ਕਮੇਟੀ ਦੇ ਦੁਆਲੇ ਜਾ ਵੱਧ ਤੋਂ ਵੱਧ ਅਸੈਂਬਲੀ ਦੀ ਮੈਂਬਰੀ ਦੁਆਲੇ ਘੁੰਮਦੀ ਹੈ। ਚਾਤਰ ਅਪਣੀਆਂ ਨਵੀਆਂ ਚਾਲਾਂ ਖੇਲ ਰਹੇ ਸਨ ਪਰ ਸਾਡੇ ਆਗੂ ਅਜੇ ਸਟੈਂਡ ਬਣਾਉਣ ਉੱਤੇ ਹੀ ਲੱਗੇ ਹੋਏ ਸਨ**। 1946 ਦੇ ਸਾਲ ਵਿਚ ਕਈ ਸਕੀਮਾਂ ਬਣੀਆਂ ਤੇ ਕਈ ਢੱਠੀਆਂ। ਜਿਸ ਵਾਤਾਵਰਨ ਦੇ ਬਣਾਉਣ ਅਤੇ ਆਤਮ ਨਿਰਨੇ ਦੀ ਗੱਲ ਅੱਜ ਫਿਰ 60 ਸਾਲਾਂ ਉਪਰੰਤ ਚਲਾਈ ਗਈ ਹੈ, ਉਹ ਆਗੂ ਉਸ ਸਮੇ ਹੀ ਲੈ ਸਕਦੇ ਸਨ ਕੇਵਲ ਦ੍ਰਿੜ ਇਰਾਦੇ ਨਾਲ ਵਿਚਾਰ ਪੇਸ਼ ਕਰਨ ਦੀ ਜ਼ਰੂਰਤ ਸੀ । ਅਸੀਂ ਕਿਸ ਉੱਚੀ ਸਿਆਸੀ ਥਾਂ ਤੇ ਡਿੱਗੇ ਹਾਂ ਇਸ ਦਾ ਅਨੁਮਾਨ ਇਸੇ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਇੰਗਲੈਂਡ ਵਿੱਚ ਗੱਲਬਾਤ ਕਰਨ ਲਈ ਤਿੰਨ ਨੁਮਾਇੰਦੇ ਲੇਬਰ ਸਰਕਾਰ ਨੇ ਬੁਲਾਏ। ਜਵਾਹਰ ਲਾਲ, ਜਿਨਾਹ ਅਤੇ ਬਲਦੇਵ ਸਿੰਘ। ਪਰ ਸਿੱਖਾਂ ਦੀ ਬਦਕਿਸਮਤੀ ਨੂੰ ਸਰਦਾਰ ਬਲਦੇਵ ਸਿੰਘ, ਜਵਾਹਰ ਲਾਲ ਨੂੰ ਹੀ ਆਪਣਾ ਲੀਡਰ ਕਹਿਣ ਲੱਗ ਪਿਆ ਅਤੇ ਐਟਲੀ ਨੇ ਵੀ ਕਹਿ ਦਿੱਤਾ ਕਿ ਜਦ ਸਿੱਖਾਂ ਦਾ ਨੁਮਾਇੰਦਾ ਆਪਣੀ ਵੱਖ ਹੋਂਦ ਹੀ ਨਹੀਂ ਮੰਨਦਾ ਤਾਂ ਨੁਮਾਇੰਦਗੀ ਦੇਣ ਦਾ ਸਵਾਲ ਹੀ ਨਹੀਂ ਉਠਦਾ। ਇਸ ਗਲ ਨੂੰ ਐਟਲੀ ਨੇ ਆਪਣੀ ਆਤਮ ਕਹਾਣੀ 'ਇਹ ਜਿਵੇਂ ਹੋਇਆ' (ਐਜ਼ ਇਟ ਹੈਪਿੰਡ) ਵਿਚ ਲਿਖਿਆ । ਉਸ ਨੇ ਇਹ ਵੀ ਲਿਖਿਆ ਕਿ

** ਅੱਜ ਸਠ ਸਾਲਾਂ ਬਾਅਦ ਵੀ ਇਹ ਹੀ ਸਿਲਸਿਲਾ ਚਲ ਰਿਹਾ ਹੈ।

ਸਿੱਖਾਂ ਦੀ ਲੀਡਰਸ਼ਿਪ ਉੱਚ ਪੱਧਰ ਦੀ ਨਾ ਹੋਣ ਕਾਰਨ ਕੌਮ ਦਾ ਕੁਝ ਸਵਾਰ ਨਾ ਸਕੀ।

15 ਅਗਸਤ 1947 ਤੋਂ ਪਹਿਲਾਂ ਕੇਂਦਰ ਵਿੱਚ ਸਾਂਝੀ ਸਰਕਾਰ ਦੇ ਫਾਇਨਾਂਸ ਮਨਿਸਟਰ ਲਿਆਕਤ ਅਲੀ ਖਾਂ ਨੇ ਸਰਦਾਰ ਪਟੇਲ ਨੂੰ ਦਿਨੇ ਹੀ ਤਾਰੇ ਵਿਖਾ ਦਿਤੇ ਅਤੇ ਮੌਲਾਨਾ ਅਬੁਲ ਕਲਾਮ ਅਜਾਦ ਦੀ ਪੁਸਤਕ 'ਇੰਡੀਆ ਵਿਨਜ਼ ਫਰੀਡਮ' ਦੇ ਲਿਖੇ ਅਨੁਸਾਰ ਸਭ ਤੋਂ ਪਹਿਲਾਂ ਸਰਦਾਰ ਪਟੇਲ ਨੇ ਹੀ ਪਾਕਿਸਤਾਨ ਮੰਨਿਆ। ਲਾਰਡ ਮਾਉਂਟਬੇਟਨ ਦੀਆਂ ਕੋਸ਼ਿਸ਼ਾਂ ਸਦਕਾ ਜਵਾਹਰ ਲਾਲ ਵੀ ਹਿੰਦੁਸਤਾਨ ਦੀ ਵੰਡ ਮੰਨ ਗਿਆ ਅਤੇ ਪਾਕਿਸਤਾਨ ਵਜੂਦ ਵਿਚ ਆਇਆ।ਗਾਂਧੀ ਨੂੰ ਕੇਵਲ ਦੱਸਿਆ ਹੀ ਗਿਆ, ਪੁਛਿਆ ਕਿਸੇ ਨਾ। ਵੰਡ ਮੰਨਣ ਉੱਤੇ ਜਵਾਹਰ-ਜਿਨਾਹ ਅਤੇ ਬਲਦੇਵ ਸਿੰਘ ਨੇ ਆਪਣੀਆਂ ਤਕਰੀਰਾਂ ਬਰਾਡਕਾਸਟ ਕੀਤੀਆਂ। ਪੰਡਤ ਜਵਾਹਰ ਲਾਲ ਨੇ ਤਕਰੀਰ ਦੇ ਅੰਤ ਵਿਚ 'ਜੈ ਹਿੰਦ' ਤੇ ਜਿਨਾਹ ਨੇ ਪੂਰੇ ਜ਼ੋਰ ਨਾਲ 'ਪਾਕਿਸਤਾਨ ਜ਼ਿੰਦਾਬਾਦ' ਕਿਹਾ। ਜਦ ਬਲਦੇਵ ਸਿੰਘ ਦੀ ਤਕਰੀਰ ਸਮਾਪਤ ਹੋਈ ਤਾਂ ਉਸ ਨੇ ਕੋਈ ਨਾਅਰਾ, ਫਤਹਿ ਜਾਂ ਜੈ ਨਾ ਬੁਲਾਈ। ਇਸ ਤੋਂ ਸਪਸ਼ਟ ਸੀ ਕਿ ਸਿਆਸੀ ਤੌਰ ਤੇ ਸਿੱਖਾਂ ਨੂੰ ਕੁਝ ਨਹੀਂ ਸੀ ਮਿਲਿਆ। ਇੱਕ ਨੇ ਹਿੰਦ ਦੀ ਜੈ ਬੋਲੀ ਤੇ ਦੂਸਰੇ ਨੇ ਪਾਕਿਸਤਾਨ ਦੀ ਸਦਾ ਸਲਾਮਤੀ ਚਾਹੀ। ਸਿੱਖ ਲਈ ਵੱਡਾ ਸਵਾਲੀਆ ਨਿਸ਼ਾਨ ਇਹ ਸੀ ਕਿ ਉਹ ਕਿਸਦੀ ਜੈ ਕਰੇ ਤੇ ਕਿਸ ਨੂੰ ਜ਼ਿੰਦਾਬਾਦ ਆਖੇ। ਤੀਜੀ ਕੌਮ ਰੁਲ ਗਈ।*** ਇਸ ਨੂੰ ਸੱਚੀ ਮੁੱਚੀ ਖੂਨ ਦਾ ਦਰਿਆ ਤਰਨਾ ਪਿਆ।

ਇਹ ਸੀ ਵੰਡ ਸਮੇਂ ਸਾਡੀ ਸਿਆਸੀ ਹੋਂਦ ਦੀ ਅਵਸਥਾ। ਕੌਮ ਸਭ ਕੁਝ ਉਹ ਲੈ ਸਕਦੀ ਸੀ ਜਿਸ ਦੀ ਥੁੜ ਹੁਣ ਮਹਿਸੂਸ ਕਰਦੀ ਹੈ ਪਰ ਆਗੂਆਂ ਨੇ ਦੂਰ ਦਰਿਸ਼ਟੀ ਤੋਂ ਕੰਮ ਨ ਲਿਆ ਅਤੇ ਕੌਮ ਦੀ ਹੋਂਦ ਹੀ ਖਤਰੇ ਵਿਚ ਪਾ ਲਈ। ਸਾਡੀ ਸਿਆਸੀ ਸੂਝ ਦੀ ਅਣਹੋਂਦ ਦਾ ਨਕਸ਼ਾ ਲੇਖਕਾਂ, ਡਾਇਰੀ ਲਿਖਣ ਵਾਲਿਆਂ ਤੇ ਆਗੂਆਂ ਨੇ ਖੂਬ ਖਿਚਿਆ ਹੈ। ਕੈਂਥਲ ਜਾਹਨਸਨ ਜੋ ਲਾਰਡ ਮਾਉਂਟਬੈਟਨ ਦਾ ਪਰਸਨਲ ਸਕੱਤਰ ਸੀ ਨੇ ਆਪਣੀ ਪੁਸਤਕ 'ਮਿਸ਼ਨ ਵਿਦ ਮਾਉਂਟਬੈਟਨ' ਵਿਚ ਨਿਝੱਕ ਹੋ ਕੇ ਲਿਖਿਆ ਹੈ ਕਿ 'ਸਿੱਖ ਆਗੂ ਇਹ ਨਾ ਦੱਸ ਸਕੇ ਕਿ ਉਹ ਚਾਹੁੰਦੇ ਕੀ ਹਨ? ਉਹ ਸਿਰਫ ਇਹ ਹੀ ਰੱਟ ਲਗਾ ਰਹੇ ਸਨ ਕਿ ਪਾਕਿਸਤਾਨ ਨਾ ਬਣਾਉ ਪਰ ਪਾਕਿਸਤਾਨ ਹਕੀਕਤ ਬਣ ਗਿਆ ਸੀ। ਸੋ ਉਹ ਕੋਰੇ ਦਿਮਾਗਾਂ ਵਾਲੇ ਕੋਈ ਸੁਝਾਅ ਪੇਸ਼ ਹੀ ਨਾ ਕਰ ਸਕੇ। ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਸਰਦਾਰ ਬਲਦੇਵ ਸਿੰਘ ਨੇ ਅਕਾਲ ਚਲਾਣੇ ਤੋਂ ਕੁਝ ਚਿਰ ਪਹਿਲਾਂ ਸ਼ਿਮਲਾ ਕਲਬ ਵਿਚ ਲੈਕਚਰ ਕਰਦੇ ਦਸਿਆ ਸੀ ਕੀ ਅੰਗਰੇਜ਼ ਤੇ ਜਿਨਾਹ ਸਿੱਖਾਂ ਨੂੰ ਪੂਰਨ ਇਖਤਿਆਰਾਂ ਵਾਲੀ ਸਟੇਟ ਦੇਣ ਲਈ ਤਿਆਰ ਸਨ, ਉਹ ਹੀ ਸਨ ਜਿਨ੍ਹਾਂ ਸਾਫ ਇਨਕਾਰ ਕਰ ਦਿੱਤਾ। ਫਿਰ ਇਕ ਘਟਨਾ ਵੀ ਸੁਣਾਈ ਕਿ ਜਦ ਲੰਡਨ ਦੀ ਵਾਰਤਾ, 1947 ਅਪ੍ਰੈਲ ਦੀ ਨਾਕਾਮਯਾਬ ਹੋ ਗਈ ਤੇ ਨਹਿਰੂ ਜੀ ਉੱਠ ਕੇ ਚਲੇ ਗਏ ਤਾਂ ਕਮਰੇ ਵਿਚ ਜਿਨਾਹ ਸਾਹਿਬ ਤੇ ਮੈਂ ਰਹਿ ਗਏ। ਮੈਂ ਮੁਹੰਮਦ ਅਲੀ ਜਿਨਾਹ ਕੋਲੋਂ ਪੁਛਿਆ ਕਿ ਆਪ ਨੂੰ ਕਿਤਨਾ ਵੱਡਾ ਪਾਕਿਸਤਾਨ ਚਾਹੀਦਾ ਹੈ ਤਾਂ ਉਸ ਵੇਲੇ ਮੇਜ਼ ਤੇ ਪੇਪਰਵੇਟ ਪਿਆ

*** ਸਿੱਖ ਕੋਮ ਅਜ ਆਜਾਦੀ ਦੇ 60 ਸਾਲਾਂ ਬਾਅਦ ਵੀ ਰੁਲ ਰਹੀ ਹੈ, ਗੱਦਾਰ ਅਤੇ ਘੱਟ ਪੜੀ ਲਿਖੀ ਧਾਰਮਕ ਅਤੇ ਸਿਆਸੀ ਲੀਡਰਸ਼ਿਪ ਦੇ ਕਾਰਨ।

ਹੋਇਆ ਸੀ, ਚੁੱਕ ਕੇ ਜਿਨਾਹ ਨੇ ਕਹਿਆ, ਬਲਦੇਵ ਸਿੰਘ, ਭਾਵੇਂ ਇਤਨਾ ਹੋਵੇ ਪਰ ਲੈਣਾ ਪਾਕਿਸਤਾਨ ਹੈ। ਮਾਉਂਟਬੇਟਨ ਨੂੰ ਵੀ ਇਹ ਪਤਾ ਲਗ ਗਿਆ ਸੀ ਕਿ ਪਾਕਿਸਤਾਨ ਦਿਤੇ ਬਗੈਰ ਗੱਲ ਸਿਰੇ ਨਹੀਂ ਚੜ੍ਹਨੀ।

'ਕੈਂਬਲ ਜਾਨਸਨ' ਨੇ ਜੱਦ ਮੀਟਿੰਗ ਦੀ ਸਮਾਪਤੀ ਉਪਰੰਤ ਡੂਡਲਜ਼ (ਚੀਚ ਘਚੋਲੀਆਂ ਜੋ ਮਨੁੱਖ ਵਿਹਲੇ ਵੇਲੇ ਕਾਗਜ ਤੇ ਖਿਚਦਾ ਰਹਿੰਦਾ ਹੈ।) ਇਕਠੇ ਕੀਤੇ ਸਨ ਤਾਂ ਮੁਹੰਮਦ ਅਲੀ ਜਿਨਾਹ ਨੇ ਇਕ ਮਹੱਲ ਬਣਾ ਕੇ ਉੱਤੇ ਹਲਾਲੀ ਝੰਡਾ ਲਹਿਰਾਇਆ ਹੋਇਆ ਸੀ ਤੇ ਲਿਖਿਆ ਹੋਇਆ ਸੀ ਪਾਕਿਸਤਾਨ ਜ਼ਿੰਦਾਬਾਦ। ਅੱਜ ਭਾਵੇਂ ਜੋ ਮਰਜ਼ੀ ਪਿਆ ਆਖੇ ਪਰ ਇਹ ਇਕ ਸਚਾਈ ਹੈ ਕਿ ਸਿੱਖ ਆਗੂ ਜੇ ਸਿਆਣਪ ਨਾਲ ਮੁਹਰੇ ਖੇਡਦੇ ਤਾ ਕੌਮ ਲਈ ਇੱਜ਼ਤ ਵਾਲਾ ਥਾਂ ਪ੍ਰਾਪਤ ਕਰਵਾ ਸਕਦੇ ਸਨ। ਫਿਰ ਜਦ ਸਿਆਸੀ ਬਾਜ਼ੀ ਉਹ ਹਾਰ ਗਏ ਤਾਂ ਹੋਰ ਕੋਝੇ ਤਰੀਕਿਆਂ ਦੀ ਵਰਤੋਂ ਕਰਨ ਦੀ ਸੋਚਣ ਲਗੇ। ਇਥੇ ਇਹ ਵੀ ਕਹਿਣਾ ਬਣਦਾ ਹੈ ਕਿ ਉਸ ਸਮੇਂ ਸਿੱਖ ਕੌਮ ਕੋਲ ਉੱਚ ਦਰਜੇ ਦੀ ਲੀਡਰਸ਼ਿਪ ਨਹੀਂ ਸੀ (ਅਤੇ ਅੱਜ ਵੀ ਨਹੀ ਹੈ)।

ਬ੍ਰਿਟਿਸ਼ ਰਾਜ ਦੇ ਅੰਤਮ ਦਿਨ (ਲਾਸਟ ਡੇਅਜ਼ ਆਫ ਬਰਿਟਸ਼ ਰਾਜ) ਵਿਚ 'ਮੋਜ਼ਲੇ' ਨੇ ਸਿੱਖ ਆਗੂਆਂ ਦੇ ਸਿਆਸੀ ਦਿਵਾਲੀਏਪਨ ਦਾ ਜ਼ਿਕਰ ਕੀਤਾ ਹੈ। ਉਹ ਲਿਖਦਾ ਹੈ, ਇਧਰ ਦਿੱਲੀ ਵਿਚ ਸਿੱਖਾਂ ਦੀ ਸ਼ਾਹ ਰੱਗ ਕੱਟੀ ਜਾ ਰਹੀ ਸੀ, ਉਧਰ ਸਿੱਖ ਆਗੂ ਲਾਪ੍ਰਵਾਹੀ ਵਿਚ ਮਸਤ ਮੁੱਛਾਂ ਨੂੰ ਮਰੋੜੇ ਦੇ ਰਹੇ ਸਨ ਤੇ ਹਵਾ ਵਿਚ ਤਲਵਾਰਾਂ ਘੁੰਮਾ ਰਹੇ ਸਨ। ਵੀ. ਪੀ. ਮੂਨ ਨੇ ਆਪਣੀ ਪੁਸਤਕ 'ਵੰਡੋ ਤੇ ਛੱਡੋ' (ਡਿਵਾਇਡ ਐਂਡ ਕਵਿਟ) ਵਿਚ ਸਪੱਸ਼ਟ ਲਿਖਿਆ ਹੈ ਕਿ 'ਸਿੱਖ ਆਗੂ ਬੇਵਕੂਫੀ ਦੀਆਂ ਹੱਦਾਂ ਟੱਪਣ ਤਕ ਹਰਕਤਾਂ ਕਰ ਰਹੇ ਸਨ। ਜਦ ਉਨ੍ਹਾਂ ਤਕ ਕੋਈ ਗੱਲ ਪਹੁੰਚਾਈ ਵੀ ਜਾਂਦੀ ਸੀ ਤਾਂ ਵੀ ਉਹ ਕੰਨ ਨਹੀ ਸਨ ਧਰਦੇ। ਕਈ ਇਕ ਮਿਸਾਲਾਂ ਮੂਨ ਨੇ ਦਿੱਤਿਆਂ ਹਨ। ਸੋ ਉਹ ਕੁਝ ਹੋਇਆ ਜਿਸ ਦਾ ਚਿੱਤ ਚੇਤਾ ਵੀ ਕਿਸੇ ਨੂੰ ਨਹੀਂ ਸੀ।

'ਸਭ ਧਰਤੀ ਹਲਚਲ ਭਈ ਛਾਡੇ ਘਰ ਬਾਰ' ਕੌਮ ਦੀ ਬਦ ਕਿਸਮਤੀ ਦੀ ਲੰਮੀ ਦਾਸਤਾਨ 15 ਅਗਸਤ 1947 ਨੂੰ ਸ਼ੁਰੂ ਹੋ ਗਈ। ਇਸ ਮਸਿਆ ਦੀ ਕਾਲੀ ਰਾਤ ਵਿੱਚ ਸਿਰਫ ਇਕ ਹੀ ਚਾਨਣ ਦੀ ਕਿਰਨ ਸੀ ਕਿ ਸਿੱਖ ਇਕ ਥਾਂ ਇਕੱਠੇ ਹੋ ਗਏ ਸਨ। 47 ਦੀ ਹਲਚਲ ਨੇ ਸਿੱਖਾਂ ਨੂੰ ਮਾਨਸਿਕ ਤੌਰ ਦੇ ਨਾਲ ਨਾਲ ਸਰੀਰਕ ਤੌਰ ਤੇ ਵੀ ਇਕ ਦੂਜੇ ਦੇ ਨੇੜੇ ਲੈ ਆਂਦਾ ਸੀ। ਸਿਰਫ ਇਕ ਸਿਆਣੇ 'ਰਣਜੀਤ ਸਿੰਘ' ਦੀ ਜਰੂਰਤ ਸੀ ਜੋ ਉਨਾਂ ਨੂੰ ਉੱਚ ਸਿਆਸੀ ਪੱਧਰ ਦਿਲਵਾ ਸਕੇ। ਪਰ ਵਿਸ਼ਾਲ ਹਿੰਦੁਸਤਾਨ ਵੱਲ ਵੇਖ ਕੇ ਸਿੱਖ ਆਗੂ ਆਪਣੀ ਹੋਂਦ ਹੀ ਮਿਟਾ ਬੈਠੇ ਤੇ ਇਹ ਵੀ ਦਲੀਲਾਂ ਦੇਣ ਲੱਗ ਪਏ ਕਿ 'ਜਮਹੂਰਿਅਤ ਆ ਗਈ ਹੈ, ਸਿਰਾਂ ਦਾ ਰਾਜ ਹੈ, ਸਾਂਝੀਆਂ ਚੋਣਾਂ ਹਨ, ਰਾਜ ਭਾਗ ਵਿਚ ਹਿੱਸਾ ਵੰਡਾਓ'। ਇਸ ਡਰ ਤੇ ਲਾਲਚ ਹੇਠਾਂ ਉਹਨਾਂ ਆਗੂਆਂ ਨੇ ਕੌਮ ਨੂੰ ਸਿਆਸੀ ਥਾਂ ਦਿਲਵਾਉਣ ਦੀ ਥਾਂ ਸਗੋਂ ਕੌਮ ਨੂੰ ਪਿਛਲੱਗ ਤੇ ਨਿਰਬਲ ਬਣਾ ਦਿਤਾ। ਆਗੂਆਂ ਨੇ ਦੂਜਿਆਂ ਨਾਲ ਬਹਿਣਾ ਸ਼ੁਰੂ ਕਰ ਦਿੱਤਾ । ਗੁਰੂ ਗੋਬਿੰਦ ਸਿੰਘ ਜੀ ਦਾ ਪੰਥ 'ਨਿਆਰਾ' ਹੀ ਰਹਿਣ ਨਾ ਦਿਤਾ। ਸਟੇਟਮੈਟ ਦੇ ਪ੍ਰਸਿਧ ਐਡੀਟਰ ਈਨ ਸਟੀਫਨਜ਼ ਨੇ ਉਸ ਸਮੇਂ ਵੀ ਤੇ ਫਿਰ ਆਪਣੀ ਪੁਸਤਕ ਵਿਚ ਠੀਕ ਲਿਖਿਆ ਹੈ ਕਿ "ਆਗੂ ਰਹਿਤ ਕੌਮ ਮਾਰ ਖਾ ਰਹੀ ਹੈ ਤੇ ਉਸ ਵਕਤ ਤਕ ਠੋਕਰਾਂ ਖਾਂਦੀ ਹੀ ਰਹੇਗੀ ਜਦ ਤਕ ਇਸ ਨੂੰ ਉੱਚ ਪੱਧਰ ਦ

ਸਿਆਣੇ, ਬੇਗਰਜ਼ ਤੇ ਨਿੱਝਕ ਆਗੂ ਨਹੀਂ ਮਿਲਦੇ। ਕੌਮ ਇਸ ਢੂੰਡ ਵਿਚ ਰਹੀ ਹੈ ਕਿ ਕੋਈ ਐਸਾ ਆਗੂ ਮਿਲੇ ਜੋ ਇਸ ਨੂੰ ਖੁਸਾ ਹੋਇਆ ਸਤਿਕਾਰ ਦਿਵਾਏ।" (ਜੋ ਅਜ ਦਿਨ ਤਕ ਨਹੀਂ ਹੋ ਸਕਿਆ। ਪੂਰੀ ਕੌਮ ਨੂੰ ਸੋਚਣ ਦੀ ਲੋੜ ਹੈ. ਇਹ ਕਿਉ ਨਹੀਂ ਹੋ ਸਕਿਆ।)

ਪ੍ਰਾਚੀਨ ਪੰਥ ਪ੍ਰਕਾਸ਼ ਨੇ ਲਿਖਿਆ ਹੈ ਕਿ ਇਕ ਵਾਰੀ ਕਲਗੀਧਰ ਪ੍ਰਸੰਨ ਚਿੱਤ ਬੈਠੇ ਸਨ ਤੇ ਸਿੰਘਾ ਦੀਆਂ ਕਰਨੀਆਂ ਯਾਦ ਕਰ ਕਰ ਬਖਸ਼ਸ਼ਾਂ ਕਰ ਰਹੇ ਸਨ। ਬਖਸ਼ਸ਼ ਦੇ ਦਰ ਆ ਕੇ ਉਨ੍ਹਾਂ ਕਿਹਾ ਕਿ ਸਿੰਘੋ ਕੁਝ ਮੰਗੋ। ਸੰਗਤ ਵਿਚੋਂ ਇਕ ਨੇ ਉਠ ਕੇ ਕਿਹਾ ਮਹਾਰਾਜ ਪੰਜਾਬ ਦੀ ਬਖਸ਼ਸ਼ ਕਰੋ।

"ਚਹੈ ਪੰਜਾਬ ਅਬ, ਹਮ ਮਲ ਲਏ"।

ਮਹਾਰਾਜ ਨੇ ਕਿਹਾ : ਦੱਖਣ ਮੰਗੋ, ਪਹਾੜ ਮੰਗੋ, ਸਮੁੰਦਰ ਤੇ ਪੂਰਬ ਪੱਛਮ ਵੀ ਮੰਗੋ। ਉਹ ਇਹ ਕਹਿੰਦੇ ਰਹੇ ਕਿ ਅਸੀਂ ਕੇਵਲ ਪੰਜਾਬ ਚਾਹੁੰਦੇ ਹਾਂ ! ਮਹਾਰਾਜ ਨੇ ਫਿਰ ਫਰਮਾਇਆਂ :

"ਮੰਗੋ ਜਗੀਰ ਘਨੇਰੀ, ਜਿਤਨੀ ਚਾਹੋ ਸੋਊ ਲਿਹੁ ਘੇਰੀ।"

ਪਰ ਉਹ ਪੰਜਾਬ ਤੋਂ ਅਗੇਰੇ ਨਾਂਹ ਜਾਣ । ਅਖੀਰ ਮਹਾਰਾਜ ਨੇ ਪੁੱਛ ਹੀ ਲਿਆ ਕਿ ਬਾਰ ਬਾਰ ਪੰਜਾਬ ਕਿਉਂ ਮੰਗਦੇ ਹੋ ਤਾਂ ਇਕ ਨੇ ਕਿਹਾ 'ਮਹਾਰਾਜ ਸ਼ਰੀਕੇ ਨੂੰ ਦੱਸਣਾ ਹੈ।'

'ਸ਼ਰੀਕੇ ਮੇਂ ਬਹੁ ਪਰੈਂ। ਲਵੈਂ ਬਦਲੇ ਹਮ ਸਚੈ। '27।

(ਪੰਨਾ 49, ਛਾਪ ਚੌਥੀ)

ਭਾਈ ਰਤਨ ਸਿੰਘ ਜੀ ਨੇ ਆਹ ਦਾ ਨਾਅਰਾ ਮਾਰਦੇ ਹੋਏ ਲਿਖਿਆ ਹੈ ਕਿ ਦੇਖੋ ਕਿਸਮਤ ਕੌਮ ਦੀ ਕੀ, ਮਾਲਕ ਦੇਣਾ ਚਾਹੁਣ ਵਲਾਇਤਾਂ ਪਰ ਇਹ ਰਹਿਣਾ ਚਾਹੁਣ ਘਰ ਕੇ ਨੇਰੇ। ਜ਼ਰਾ ਵੀ ਲੰਮੀ ਨਜ਼ਰ ਨਹੀਂ ਸੀ ਤੇ ਨਾਂ ਹੀ ਲੰਬੀ ਦਾਏ। ਲੰਮੀ ਨਦਰ ਤੇ ਲੰਮੀ ਦਾਏ ਦੇਵੇ ਸੱਚੇ ਪਾਤਸ਼ਾਹ ।

ਪੰਜਾਬ ਖਾਲਸਾ ਟ੍ਰੈਕਟ ਸੋਸਾਇਟੀ ਅਕਾਲ ਪੁਰਖ ਅਗੇ ਅਰਦਾਸ ਕਰਦੀ ਹੈ, ਅਸਾਂ ਬਹੁਤ ਮਾਰ ਖਾਦੀ ਹੈ ਹੁਣ ਤਾਂ ਸਾਨੂੰ ਲੰਮੀ ਨਦਰ ਅਤੇ ਲੰਮੀ ਦਾਏ ਬਖਸ਼ੋ।

ਕੀ ਤੁਸੀਂ ਜਾਣਦੇ ਹੋ ?

1) ਸਿੱਖਾਂ ਦੀ ਅਬਾਦੀ ਭਾਰਤ ਦੀ ਕੁਲ ਵਸੋਂ ਦਾ ਦੋ ਪ੍ਰਤੀਸ਼ਤ ਵੀ ਨਹੀਂ ਪਰ ਦੇਸ਼ ਦੀ ਆਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਬਾਕੀ ਸਾਰੇ ਦੇਸ਼ਵਾਸੀਆਂ ਨਾਲੋਂ ਕਈ ਗੁਣਾ ਵਧ ਹਨ।

2) ਭਾਰਤ ਵਿੱਚ ਪਹਿਲਾ ਬਦੇਸ਼ੀ ਹਮਲਾਵਰ ਮੀਰ ਕਾਸਮ ਸੰਨ 712 ਵਿੱਚ ਆਇਆ ਸੀ। ਭਾਰਤ ਦਾ ਇਤਿਹਾਸ ਇਸ ਗੱਲ ਦਾ ਗੁਆਹ ਹੈ ਕਿ ਸੰਨ 1521 ਤੀਕ ਪੂਰ 809 ਸਾਲ ਭਾਰਤ ਦੇ ਲੋਕਾਂ ਤੇ ਜ਼ੁਲਮ ਹੁੰਦੇ ਰਹੇ ਪਰ ਕਿਸੇ ਨੇ ਜ਼ੁਲਮਾਂ ਦਾ ਮੁਕਾਬਲਾ ਨਾ ਕੀਤਾ। ਸੰਨ 1521 ਵਿੱਚ ਪਹਿਲੀ ਵਾਰ ਗੁਰੂ ਨਾਨਕ ਸਾਹਿਬ ਨੇ ਮੀਰ ਬਾਬਰ ਨੂੰ ਜ਼ਾਬਰ ਆਖ ਕੇ ਜ਼ੁਲਮ ਵਿਰੁਧ ਡਟਵਾਂ ਪ੍ਰੋਟੇਸਟ ਕੀਤਾ।

3) ਸੰਨ 1824 ਵਿੱਚ ਬਰਮਾ ਦੇ ਯੁਧ ਸਮੇਂ ਅੰਗਰੇਜ਼ਾਂ ਵਿਰੁਧ ਬਗਾਵਤ ਕਰਨ ਵਾਲੇ

ਸਿੱਖ ਸੈਨਿਕਾਂ ਜਿਨ੍ਹਾਂ ਨੂੰ ਫਾਂਸੀ ਚੜ੍ਹਾਇਆ ਗਿਆ ਜਾਂ ਮਾਰ ਦਿਤਾ ਗਿਆ ਦੀ ਗਿਣਤੀ 500 ਤੋਂ ਵੱਧ ਸੀ ।

4) ਸੰਨ 1825 ਵਿੱਚ ਗਰਨੇਡੀਅਰ ਕੰਪਨੀ ਦੇ ਵਿਦਰੋਹ ਕਰਨ ਵਾਲੇ ਜਿਨਾਂ ਸਿਖਾਂ ਨੂੰ ਗੋਰਾ ਫੌਜ ਦੀ ਕਰੋਧੀ ਦਾ ਸ਼ਿਕਾਰ ਹੋਣਾ ਪਿਆ ਦੀ ਗਿਣਤੀ 400 ਦੇ ਕਰੀਬ ਸੀ।

5) ਅਜ਼ਾਦੀ ਸੰਗਰਾਮੀਆਂ ਭਾਈ ਮਹਾਰਾਜ ਸਿੰਘ ਨੇ 1847 ਵਿੱਚ ਵਿਦਰੋਹ ਦਾ ਝੰਡਾ ਬੁਲੰਦ ਕੀਤਾ ਜਿਸ ਕਾਰਨ ਹਕੂਮਤ ਨੇ ਕਾਲਵਾਸ ਦੇਕੇ ਸਿੰਘਾਪੁਰ ਭੇਜ ਦਿਤਾ, ਜਿਥੇ ਜੇਹਲ ਵਿੱਚ ਉਨ੍ਹਾਂ ਦੀ ਮੌਤ ਹੋ ਗਈ।

6) ਅੰਗਰੇਜਾਂ ਨਾਲ ਸਿੱਖਾਂ ਦਾ ਆਖਰੀ ਜੰਗ ਸੰਨ 1849 ਵਿੱਚ ਹੋਇਆ ਜਿਨਾਂ ਵਿਚ ਗੁਦਾਰਾਂ ਦੀ ਬੇਈਮਾਨੀ ਕਾਰਨ ਸਿਖਾਂ ਦੀ ਹਾਰ ਹੋਈ ਤੇ ਸੰਪੂਰਨ ਭਾਰਤ ਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ।

7) ਅੰਗਰੇਜ਼ਾਂ ਵਿਰੁਧ ਪਹਿਲਾ ਸ਼ਾਤਮਈ ਅੰਦੋਲਨ ਬਾਬਾ ਰਾਮ ਸਿੱਘ ਨੇ ਸੰਨ 1869 ਵਿਚ ਅਰੰਭ ਕੀਤਾ ਸੀ ।

8) ਸੰਨ 1907 ਵਿੱਚ ਸ਼ਹੀਦ ਭਗਤ ਸਿੰਘ ਦੇ ਚਾਚਾ ਸ: ਅਜੀਤ ਸਿੰਘ ਨੇ 'ਪਗੜੀ ਸੰਭਾਲ ਜੱਟਾ' ਦੀ ਚਿੱਤਾਉਣੀ ਦੇ ਕੇ ਦੇਸ਼ ਦੇ ਸੁਤੰਤਰ ਸੈਨਾਨੀਆਂ ਨੂੰ ਹਲੂਣਿਆ।

9) 'ਗਦਰ ਪੜ੍ਹਕਾ' ਨਾਮ ਦਾ ਅਖਬਾਰ ਅਮਰੀਕਾ ਅਤੇ ਕੈਨੇਡਾ ਦੇ ਸਿਖਾਂ ਨੇ ਚਾਲੂ ਕੀਤਾ ਸੀ, ਜਿਸ ਨੇ ਬਦੇਸ਼ਾਂ ਵਿੱਚ ਰਹਿੰਦੇ ਸਿੱਖਾਂ ਨੂੰ ਦੇਸ਼ ਦੀ ਸੁਤੰਤਰਤਾ ਲਈ ਪ੍ਰੇਰਤ ਕਰਨ ਦਾ ਕੰਮ ਅਰੰਭ ਕੀਤਾ।

10) ਸੰਨ 1931 ਵਿੱਚ ਭਾਰਤ ਵਿਚ ਗਦਰ ਪਾਰਟੀ ਦੀ ਨੀਂਹ ਬਾਬਾ ਸੋਹਣ ਸਿੰਘ ਜੀ ਭਕਨਾ ਨੇ ਰਖੀ ਸੀ। ਇਸ ਪਾਰਟੀ ਦਾ ਨਿਸ਼ਾਨਾ ਅੰਗਰੇਜ਼ਾਂ ਤੇ ਉਨ੍ਹਾਂ ਦੇ ਪਿਠੂਆਂ ਅਤੇ ਦੇਸ਼ ਧਰੋਹੀਆਂ ਨੂੰ ਚੁਣ ਚੁਣ ਕੇ ਬੰਨੇ ਲਾਉਣਾ ਸੀ।

11) ਕਾਮਾਗਾਟਾ ਮਾਰੂ ਜਹਾਜ ਵਿਚਲੇ ਸਿੱਖ ਦੇਸ਼ ਭਗਤਾਂ ਦੀ ਅਗਵਾਈ ਬਾਬਾ ਗੁਰਦਿਤ ਸਿੰਘ ਜੀ ਨੇ ਕੀਤੀ ਸੀ। ਇਸ ਜਹਾਜ਼ ਨੂੰ ਕੈਨੇਡਾ ਲਿਆਂਦਾ ਗਿਆ। ਪਰ ਬਜਬਜ ਘਾਟ ਤੇ ਲਗਣ ਸਾਰ ਹੀ ਦੇਸ਼ ਭਗਤਾਂ ਦਾ ਗੋਲੀਆਂ ਨਾਲ ਸਵਾਗਤ ਕੀਤਾ ਗਿਆ। ਕਾਮਾਗਾਟਾ ਮਾਰੂ ਦੇ ਕੁਲ 376 ਯਾਤਰੂਆਂ ਵਿਚੋਂ 355 ਸਿੱਖ ਸਨ । ਸ਼ਹੀਦ ਹੋਣ ਵਾਲੇ ਪੰਜਾਹ ਦੇ ਪੰਜਾਹ ਹੀ ਸਿੱਖ ਸਨ। ਇਹ ਘਟਨਾ 29 ਸਤੰਬਰ 1914 ਨੂੰ ਹੋਈ ਸੀ।

12) ਭਾਰਤੀ ਫੌਜੀਆਂ ਦੇ ਦਿਲਾਂ ਵਿਚ ਸਵਾਧੀਨਤਾ ਦੀ ਅੱਗ ਬਾਲਣ ਵਾਲਾ ਸਿੱਖ ਨੌਜੁਆਨ ਕਰਤਾਰ ਸਿੰਘ ਸਰਾਭਾ 14 ਨਵੰਬਰ 1917 ਨੂੰ ਆਪਣੇ 12 ਸਿੱਖ ਸਾਥੀਆਂ ਸਮੇਤ ਫਾਂਸੀ ਦੇ ਤਖਤੇ ਤੇ ਲਟਕਾ ਦਿਤਾ ਗਿਆ।

13) ਸੰਨ 1919 ਦੀ ਵਿਸਾਖੀ ਵਾਲੇ ਦਿਨ ਜਲੀਆਂ ਵਾਲੇ ਬਾਗ ਵਿਚ ਸ਼ਹੀਦ ਹੋਣ ਵਾਲੇ1300 ਦੇਸ਼ ਭਗਤਾਂ ਵਿਚੋਂ 769 ਕੇਵਲ ਸਿੱਖ ਸੂਰਬੀਰ ਹੀ ਸਨ।

14) ਜਲਿਆਂ ਵਾਲੇ ਬਾਗ ਦੇ ਖੂਨੀ ਕਾਂਡ ਦਾ ਬਦਲਾ ਲੈਣ ਵਾਲਾ ਸੁਨਾਮ ਦਾ ਜੰਮ ਪਲ ਉਧਮ ਸਿੰਘ, ਸਿੱਖ ਹੀ ਸੀ।

15) ਬੱਬਰ ਅਕਾਲੀ ਲਹਿਰ ਦਾ ਮੁਢ ਸੰਨ 1922 ਵਿਚ ਬੱਝਿਆ, ਜਿਸ ਨੇ ਅੰਗਰੇਜ਼ਾਂ

ਦੇ ਨੱਕ ਵਿਚ ਦੰਮ ਕਰ ਕੇ ਰਖ ਦਿਤਾ।

16) ਸੰਨ 1921 ਤੋਂ 1924 ਤੱਕ ਚਲੀ ਗੁਰਦੁਆਰਾ ਲਹਿਰ ਵਾਸਤਵ ਵਿੱਚ ਦੇਸ਼ ਸਵਤੰਤਰਤਾ ਅੰਦੋਲਨ ਦਾ ਆਰੰਭ ਹੀ ਸੀ। ਇਸ ਗੱਲ ਨੂੰ ਦੇਸ਼ ਦੇ ਉਚ ਕੋਟੀ ਦੇ ਲੀਡਰਾਂ ਨੇ ਸਵੀਕਾਰ ਕੀਤਾ ਸੀ। ਇਸ ਲਹਿਰ ਵਿੱਚ 500 ਸਿੱਖ ਸ਼ਹੀਦ ਹੋਏ, 30 ਹਜ਼ਾਰ ਸਿੰਘ ਜੇਲਾਂ ਵਿੱਚ ਗਏ ਅਤੇ ਦਸ ਲੱਖ ਰੁਪਿਆ ਜ਼ੁਰਮਾਨਾ ਸਿੱਖਾਂ ਨੇ ਭਰਿਆ।

17) ਲਾਹੌਰ ਸੈਂਟਰਲ ਜੇਲ ਵਿੱਚ ਸੰਨ 1914-15 ਦ ਗਦਾਰੀ ਬਾਬਿਆਂ ਤੇ ਬਬਰਾਂ ਚੋਂ ਸਤ ਦੇਸ਼ ਭਗਤਾਂ ਨੂੰ ਫਾਂਸੀ ਅਤੇ 18 ਨੂੰ ਮੌਤ ਦੀਆਂ ਸਜ਼ਾਵਾਂ ਹੋਈਆਂ, ਜਿਨ੍ਹਾਂ ਵਿੱਚ 6 ਅਤੇ 14 ਸਿੱਖ ਸਨ। 27 ਪ੍ਰਵਾਨੇ, ਜਿਨ੍ਹਾਂ ਨੂੰ ਉਮਰ ਕੈਦ ਦੀ ਸਜਾ ਹੋਈ, ਉਹ ਸਾਰੇ ਹੀ ਕਲਗੀਧਰ ਜੀ ਦੇ ਲਾਡਲੇ ਸਿੱਖ ਸਨ।

18) ਹਿੰਦੁਸਤਾਨ ਦੀ ਆਜ਼ਾਦੀ ਦੀ ਖਾਤਰ ਖਿੜੇ ਮੱਥੇ ਫਾਂਸੀ ਦੇ ਤਖਤੇ ਤੇ ਚੜ੍ਹਨ ਵਾਲਾ ਸ਼ਹੀਦ ਭਗਤ ਸਿੰਘ ਵੀ ਇਕ ਸਿੱਖ ਨੌਜੁਆਨ ਸੀ, ਜਿਸ ਦੇ ਬੁਤ/ਫੋਟੋ ਲਾਉਣ ਵੇਲੇ ਉਸ ਦੀ ਛਵੀ ਵਿਗਾੜਨ ਦਾ ਕੋਝਾ ਯਤਨ ਕੀਤਾ ਜਾਂਦਾ ਹੈ।

19) ਆਜ਼ਾਦ ਹਿੰਦ ਫੌਜ ਦਾ ਸਿੱਖ ਜਰਨੈਲ ਮੋਹਨ ਸਿੰਘ ਹੀ ਸੀ, ਜਿਸ ਨੇ ਹੋਰਨਾਂ ਦੇਸਾਂ ਦੀ ਸਹਾਇਤਾ ਨਾਲ, ਬਕਾਇਦਾ ਜੰਗ ਲੜ ਕੇ ਆਜ਼ਾਦੀ ਪ੍ਰਾਪਤ ਕਰਨ ਦਾ ਪਲਾਨ ਬਣਾਇਆ।

20) ਆਜ਼ਾਦ ਹਿੰਦ ਫੌਜ ਦੀ ਕੁਲ ਨਫਰੀ 42,000 ਵਿਚੋਂ 28,000 ਕੇਵਲ ਸਿੱਖ ਸੈਨਿਕ ਹੀ ਸਨ।

21) ਲਾਹੌਰ ਅਸੈਂਬਲੀ ਤੋਂ ਮੁਸਲਮ ਲੀਗ ਦਾ ਝੰਡਾ ਪਾੜ ਕੇ ਭਾਰਤ ਨੂੰ ਅਧਾ ਪੰਜਾਬ ਬਚਾ ਕੇ ਦੇਣਾ ਮਾਸਟਰ ਤਾਰਾ ਸਿੰਘ ਤੇ ਸਿੱਖਾਂ ਦੀ ਜ਼ੁਅਰਤ ਦਾ ਹੀ ਨਤੀਜਾ ਸੀ।

22) 1962 ਦਾ ਚੀਨ ਯੁਧ, 1965 ਤੋਂ 1971 ਦੇ ਪਾਕਿਸਤਾਨ ਨਾਲ ਹੋਏ ਯੁਧ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਹਰ ਫਰੰਟ ਤੇ ਅਗੇ ਹੋ ਕੇ ਲੜਨ ਵਾਲੇ ਕਲਗੀਧਰ ਦੇ ਬਹਾਦਰ ਸਪੂਤ ਸਿਖ ਸੈਨਿਕ ਹੀ ਸਨ।

23) ਗੁਰੂ ਦੇ ਬਾਗ ਦੇ ਮੋਰਚੇ ਦੇ ਪਹਿਲੇ ਸ਼ਹੀਦ ਡਾ: ਸ਼ਾਮ ਸਿੰਘ ਨੇ ਬੀ. ਟੀ. ਦੀਆਂ ਡਾਂਗਾ ਦੇ 98 ਵਾਰ ਆਪਣੇ ਸ਼ਰੀਰ ਤੇ ਸਹਿ ਕੇ ਸ਼ਹੀਦੀ ਪ੍ਰਾਪਤ ਕੀਤੀ ਸੀ।

24) ਬਾਰਾਂ ਸਾਲ ਦੇ ਕਾਕਾ ਅਵਤਾਰ ਸਿੰਘ ਜਦੋਂ ਨਨਕਾਣਾ ਸਾਹਿਬ ਜਾਣ ਵਾਲੇ ਜਥੇ ਵਿੱਚ ਉਮਰ ਛੋਟੀ ਹੋਣ ਕਰਕੇ ਸ਼ਾਮਲ ਨਾ ਕੀਤਾ ਗਿਆ ਤਾਂ ਉਸ ਨੇ ਆਖਿਆ ਸੀ ਕਿ ਜੇ ਸਤ ਤੇ ਨੌ ਸਾਲ ਦੀ ਉਮਰ ਦੇ ਸਾਹਿਬਜ਼ਾਦੇ ਨੀਹਾਂ ਵਿਚ ਚਿਣੇ ਜਾ ਕੇ ਸ਼ਹੀਦੀ ਪ੍ਰਾਪਤ ਕਰ ਸਕਦੇ ਹਨ ਤਾਂ ਮੈਂ 12 ਸਾਲਾਂ ਦਾ ਇਸ ਸ਼ਹੀਦੀ ਬਾਟੇ ਤੋਂ ਵਿਰਵਾ ਕਿਵੇਂ ਰਹਿ ਸਕਦਾ ਹਾਂ।

25) ਸੁਤੰਤਰਤਾ ਸੰਗਰਾਮ ਵਿਚ ਸਿੱਖਾਂ ਨੂੰ ਆਪਣੇ ਘਰ ਘਾਟਾਂ, ਜਾਇਦਾਦਾਂ ਤੋਂ ਇਲਾਵਾ ਸ੍ਰੀ ਨਨਕਾਣਾ ਸਾਹਿਬ, ਸ੍ਰੀ ਪੰਜਾ ਸਾਹਿਬ ਅਤੇ ਡੇਹਰਾ ਸਾਹਿਬ ਸਮੇਤ ਆਪਣੀ ਜਿੰਦ ਤੋਂ ਪਿਆਰੇ 170 ਪਵਿੱਤਰ ਗੁਰਧਾਮਾਂ ਤੋਂ ਵਿਛੜਣਾ ਪਿਆ।

27) ਸੰਨ 1929 ਦੇ ਲਾਹੌਰ ਵਿਖੇ ਹੋਏ ਕਾਂਗਰਸ ਸਮਾਗਮ ਵਿੱਚ ਜੋ ਮਤਾ ਪਾਸ

ਕੀਤਾ ਗਿਆ, ਦੇ ਸ਼ਬਦ ਹੇਠ ਲਿਖੇ ਸਨ :

"ਕਾਂਗਰਸ ਪਾਰਟੀ ਸਿਖ ਕੌਮ ਨੂੰ ਪੱਕਾ ਭਰੋਸਾ ਦਵਾਂਦੀ ਹੈ ਕਿ ਆਜ਼ਾਦ ਭਾਰਤ ਵਿਚ ਕੋਈ ਸੰਵਿਧਾਨ ਐਸਾ ਨਹੀਂ ਬਣਾਇਆ ਜਾਏਗਾ, ਜੋ ਇਹਨਾਂ ਨੂੰ ਪ੍ਰਵਾਨ ਨਹੀਂ ਹੋਵੇਗਾ।"

28) ਜੁਲਾਈ, 1946 ਵਿੱਚ ਕਲਕੱਤੇ ਵਿਖੇ ਹੋਏ ਆਲ ਇੰਡੀਆ ਕਾਂਗਰਸ ਕਮੇਟੀ ਦੀ ਮੀਟਿੰਗ ਵਿੱਚ ਪ੍ਰੈਸ ਕਾਨਫਰੰਸ ਨੂੰ ਕਰਦਿਆਂ ਪੰਡਿਤ ਨਹਿਰੂ ਨੇ ਕਿਹਾ ਸੀ: "ਪੰਜਾਬ ਦੀ ਬਹਾਦਰ ਸਿਖ ਕੌਮ ਵਿਸ਼ੇਸ਼ ਮਾਨਤਾਵਾਂ ਦੀ ਧਾਰਨੀ ਹੈ। ਮੇਰੇ ਵਿਚਾਰ ਵਿੱਚ ਸਾਨੂੰ ਕਿਸੇ ਨੂੰ ਵੀ ਇਸ ਸੰਬੰਧ ਵਿਚ ਕੋਈ ਆਪਤੀ ਨਹੀਂ ਹੋਣੀ ਚਾਹੀਦੀ ਕਿ ਉਤਰ ਪੱਛਮ ਭਾਰਤ ਵਿਚ ਇਕ ਅਜੇਹਾ ਇਲਾਕਾ ਅਤ ਇੰਤਜ਼ਾਮ ਸਿੱਖ ਕੌਮ ਲਈ ਰਾਖਵਾਂ ਰਖਿਆ ਜਾਵੇ ਜਿਸ ਦੁਆਰਾ ਇਹ ਵੀ ਆਜ਼ਾਦੀ ਦਾ ਆਨੰਦ ਮਾਣ ਸਕੇ"।

29) ਬੰਗਲਾ ਦੇਸ਼ ਦਾ ਹੀਰੋ ਜਨਰਲ ਜਗਜੀਤ ਸਿੰਘ ਅਰੋੜਾ ਸੀ ਜਿਸ ਦੀ ਡਾਕੂਮੇਂਟਰੀ ਫਿਲਮ ਵਿਖਾਉਣ ਵੇਲੇ ਜਾਣਬੁਝ ਕੇ ਉਸ ਦਾ ਚਿਹਰਾ ਨਹੀਂ ਵਿਖਾਇਆ ਗਿਆ, ਜਦੋਂ ਉਸ ਨੇ ਪਾਕਿਸਤਾਨ ਦੇ ਜਨਰਲ ਨਿਆਜੀ ਪਾਸੋਂ ਹਥਿਆਰ ਸੁਟਵਾਏ ਸਨ।

1857 ਦਾ ਵਿਦਰੋਹ ਤੇ ਸਿੱਖ

1) ਸੰਨ 1857 ਦਾ ਵਿਦਰੋਹ ਮੇਰਠ ਦੇ ਕੁਝ ਫੌਜੀਆਂ ਵਲੋਂ ਅੰਗਰੇਜੀ ਸਰਕਾਰ ਦੇ ਵਿਰੁਧ ਸੀ। ਜੋ ਹੌਲੀ ਹੌਲੀ ਉਤਰ ਪ੍ਰਦੇਸ਼ ਦੇ ਕੁਝ ਹੋਰ ਹਿਸਿਆਂ ਵਿੱਚ ਵੀ ਫੈਲ ਗਿਆ।
2) ਇਸ ਵਿਦਰੋਹ ਵਿੱਚ ਸਿੱਖਾਂ ਨੂੰ ਸ਼ਾਮਲ ਹੋਣ ਲਈ ਕਹਿਣਾ ਪੂਰਬੀਏ ਸਿਪਾਹਿਆਂ ਦੇ ਵੱਸ ਦੀ ਗੱਲ ਨਹੀ ਸੀ ਕਿਉਂਕਿ ਉਹਨਾ ਨੇ ਹੀ ਸਿੱਖ ਰਾਜ ਨੂੰ ਖਤਮ ਕਰਨ ਲਈ ਸੰਨ 1845-46 ਵਿੱਚ ਅੰਗਰੇਜ਼ਾ ਦੀ ਸਹਾਇਤਾ ਕੀਤੀ ਸੀ। ਇਸ ਲਈ ਸਿੱਖਾਂ ਦੇ ਮਨਾਂ ਅੰਦਰ ਪੂਰਬੀਏ ਸਿਪਾਹੀਆਂ ਵਿਰੁਧ ਨਫਰਤ ਦੀ ਅਗ ਦੇ ਭਾਂਬੜ ਬਲ ਰਹੇ ਸਨ।
3) 1857 ਦਾ ਵਿਦਰੋਹ ਅਸਲ ਵਿੱਚ ਹਿੰਦੂਆਂ ਅਤੇ ਮੁਸਲਮਾਨ ਸਿਪਾਹੀਆਂ ਦਾ ਅੰਗਰੇਜ਼ੀ ਫੋਜੀ ਅਫਸਰਾਂ ਨਾਲ ਇਕ ਫਸਾਦ ਜਾਂ ਝਗੜਾ ਹੀ ਸੀ।
4) ਵਿਦਰੋਹੀਆਂ ਦੇ ਬਹੁਤੇ ਲੀਡਰ ਆਪਣੇ ਨਿਜੀ ਹਿਤਾਂ ਲਈ ਵਿਦਰੋਹ ਵਿਚ ਹਿਸਾ ਲੈ ਰਹੇ ਸਨ।
5) ਇਸ ਵਿਦਰੋਹ ਵਿੱਚ ਰਾਣੀ ਝਾਂਸੀ ਦਾ ਸ਼ਾਮਲ ਹੋਣਾ ਵੀ ਹਾਲਾਤ ਦੀ ਮਜ਼ਬੂਰੀ ਹੀ ਸੀ।
6) ਤੇਜਾ ਸਿੰਘ ਅਤੇ ਲਾਲ ਸਿੰਘ ਜਿੰਨਾਂ ਤੇ ਅੰਗਰੇਜਾਂ ਨਾਲ ਗੁਪਤ ਇਕਰਾਰਨਾਮੇ ਕਰਕੇ ਅੰਗਰੇਜ- ਸਿਖ ਲੜਾਈਆਂ ਵਿੱਚ ਸਿੱਖਾਂ ਨਾਲ ਗਦਾਰੀ ਕੀਤੀ ਸੀ,ਪੂਰਬੀਏ ਹੀ ਸਨ।
7) 1857 ਦੇ ਵਿਦਰੋਹ ਵਿੱਚ ਭਾਰਤ ਦੇ ਲਗਭਗ 80% ਲੋਕਾਂ ਨੇ ਹਿੱਸਾ ਨਹੀਂ ਸੀ ਲਿਆ। ਕਿਉਂਕਿ ਵਿਦਰੋਹੀ ਫੌਜੀ ਤੇ ਸਿਪਾਹੀ ਦੇਸ਼ ਦੀ ਆਜ਼ਾਦੀ ਲਈ ਨਹੀਂ ਸਨ ਲੜ ਰਹੇ ਸਗੋਂ ਆਪੋ ਆਪਣੇ ਸਵਾਰਥਾਂ ਲਈ ਲੜ ਰਹੇ ਸਨ।

ਧੰਨਵਾਦ : ਸਿੱਖ ਮਿਸ਼ਨਰੀ ਕਾਲਜ ਲੁਧਿਆਣਾ

ਸਿੱਖ ਸੂਰਮੇ ਹੁਣ ਇਸ ਦੇਸ਼ ਲਈ ਠੱਠਿਆਂ ਦਾ ਵਿਸ਼ਾ

ਰੋਜਾਨਾ ਸਪੋਕਸਮੈਨ ਵਿਚੋਂ ਧੰਨਵਾਨ ਸਹਿਤ

ਦਸਮੇਸ਼ ਆਰਗੇਨਾਈਜ਼ੇਸ਼ਨ (ਜੇ.ਐਂਡ ਕੇ.) ਵਲੋਂ ਸਨਸਨੀਖੇਜ਼ ਤੱਥ ਪ੍ਰਗਟ ਕਰ ਕੇ ਦਸਿਆ ਗਿਆਂ ਕਿ ਕਿੱਦਾਂ ਸਿੱਖਾਂ ਦੀ ਜੁਝਾਰੂ ਕੌਮ ਨੂੰ ਭਾਰਤੀ ਫ਼ਿਲਮ ਇੰਡਸਟਰੀ ਅਤੇ ਟੀ.ਵੀ. ਵਾਲਿਆਂ ਵਲੋਂ ਮਜ਼ਾਕ ਦਾ ਵਿਸ਼ਾ ਬਣਾਇਆ ਜਾ ਰਿਹਾ ਹੈ। ਪ੍ਰੈਸ ਨੋਟ ਵਿਚ ਕਿਹਾ ਗਿਆ ਕਿ ਪਹਿਲਾਂ ਕਿਧਰੇ ਇਕ ਅੱਧੀ ਫ਼ਿਲਮ ਵਿਚ ਕਿਸੇ ਡੁਪਲੀਕੇਟ ਸਿੱਖ ਨੂੰ ਦਿਖਾਂ ਕੇ ਲੋਕਾਂ ਦਾ ਮਨੋਰੰਜਨ ਕੀਤਾ ਜਾਂਦਾ ਸੀ, ਅੱਜ ਤਾਂ ਹਰ ਫ਼ਿਲਮ ਅਤੇ ਹਰ ਸੀਰੀਅਲ ਵਿਚ ਸਿੱਖਾਂ ਨੂੰ ਮਜ਼ਾਕ ਦਾ ਪਾਤਰ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਸ਼ਾਇਦ ਇਸ ਸੋਚ ਅਧੀਨ ਕਿ ਸਿੱਖ ਨੌਜਵਾਨਾਂ ਨੂੰ ਅਪਣੇ ਸਿੱਖ ਹੋਣ 'ਤੇ ਫ਼ਖਰ ਨਹੀ, ਸ਼ਰਮ ਮਹਿਸੂਸ ਹੋਵੇ ਤੇ ਉਹ ਸਿੱਖੀ ਸਰੂਪ ਤੇ ਸਿੱਖ ਵਿਰਸੇ ਤੋਂ ਦੂਰ ਹੋ ਜਾਣ ਅਤੇ ਸਿੱਖ ਮੁਟਿਆਰਾਂ ਸਾਬਤ ਸੂਰਤ ਸਿੱਖ ਦੀ ਥਾਂ, ਘੋਨੇ-ਮੋਨੇ ਮੁੰਡਿਆਂ ਨੂੰ ਪਹਿਲ ਦੇਣ ਤੇ ਉਨ੍ਹਾਂ ਨਾਲ ਵਿਆਹ ਕਰਨ 'ਚ ਜ਼ਰਾ ਵੀ ਸੰਕੋਚ ਨਾ ਕਰਨ।

ਇਨ੍ਹਾਂ ਫ਼ਿਲਮਾਂ ਵਿਰੁਧ ਅਨੇਕਾਂ ਜਥੇਬੰਦੀਆਂ ਨੇ ਰੋਸ ਮੁਜ਼ਾਹਰੇ ਤੇ ਅਦਾਲਤਾਂ ਵਿਚ ਕੇਸ ਦਰਜ ਕਰਵਾਏ ਪਰ ਹਰ ਵਾਰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਹੈ। ਸਟਾਰ ਟੀ.ਵੀ., ਜ਼ੀ.ਟੀ.ਵੀ., ਮੈਕਸ ਟੀ.ਵੀ., ਸਟਾਰ ਵਨ ਟੀ.ਵੀ., ਡੀ. ਡੀ. ਵਨ ਅਤੇ ਦੂਰਦਰਸ਼ਨ ਦਿੱਲੀ ਤੋ ਇਲਾਵਾ ਸੈਂਕੜੇ ਫ਼ਿਲਮਾਂ ਵੀ ਹਨ ਜਿਨ੍ਹਾਂ ਵਲੋਂ ਮਾਰਸ਼ਲ ਕੌਮ (ਪੰਥ ਖਾਲਸਾ) ਨੂੰ ਤਮਾਸ਼ਾ ਬਣਾਉਣ ਦਾ ਯਤਨ ਕੀਤਾ ਜਾ ਰਿਹਾ ਹੈ। "ਰਾਜਾ ਹਿੰਦੁਸਤਾਨੀ" ਫ਼ਿਲਮ ਵਿਚ ਜਾਨੀ ਲਿਵਰ (ਹੀਰੋ) ਨੂੰ ਨਕਲੀ ਸਿੱਖ ਤਿਆਰ ਕਰ ਕੇ ਜੋਕਰ ਦੇ ਰੂਪ ਵਿਚ ਪੇਸ਼ ਕੀਤਾ ਗਿਆ, "ਬਾਦਲ" ਫ਼ਿਲਮ ਵਿਚ ਫਿਰ ਜਾਨੀ ਲਿਵਰ ਨਕਲੀ ਸਿੱਖ ਦੇ ਰੂਪ ਵਿਚ ਹਿੱਜੜਾ ਦਸਿਆ ਗਿਆ। ਫ਼ਿਲਮ "ਸੋਲਜਰ", "ਕੁਛ-ਕੁਛ ਹੋਤਾ ਹੈ", ਤੋਂ ਇਲਾਵਾ ਫ਼ਿਲਮ "ਕਰੀਬ" ਵਿਚ ਹੀਰੋ ਬੋਬੀ ਦਿਉਲ ਨੂੰ ਗੁਰਦੁਆਰਾ ਸਾਹਿਬ ਅੰਦਰ ਗ੍ਰੰਥੀ ਸਿੰਘ ਤੋਂ ਮਾਇਆ ਲੈ ਕੇ ਹੀਰੋਇਨ (ਕੁੜੀ) ਨਾਲ ਪਿਆਰ ਦਾ ਇਜ਼ਹਾਰ ਕਰਦੇ ਦਿਖਾਇਆ ਗਿਆ। "ਸੰਘਰਸ਼" ਫ਼ਿਲਮ 'ਚ ਪ੍ਰੀਤੀ ਜਿੰਟਾ ਹੀਰੋਇਨ ਸਿੱਖਾਂ ਦੀ ਕੁੜੀ ਦੇ ਵਾਲ ਕੱਟੇ ਹੋਏ ਹਨ ਤੇ ਹੀਰੋ ਅਕਸ਼ੇ ਕੁਮਾਰ ਨਾਲ ਪਿਆਰ ਕਰਦੀ ਦੱਸੀ ਗਈ, ਫ਼ਿਲਮ 'ਬੰਟੀ ਔਰ ਬਬਲੀ' ਵਿਚ ਰਾਣੀ ਮੁਖਰਜੀ ਹੀਰੋਇਨ ਸਿੱਖਾਂ ਦੀ ਕੁੜੀ ਦੱਸੀ ਗਈ ਹੈ ਜੋ ਘਰੋਂ ਨੱਠ ਕੇ ਹੀਰੋ ਅਭਿਸ਼ੇਕ ਬੱਚਨ ਨਾਲ ਪਿਆਰ ਕਰਦੀ ਹੈ। ਜਿਸ ਦੇ ਵਾਲ ਕੱਟੇ ਹੋਏ ਹੁੰਦੇ ਹਨ ਅਤੇ ਉਸ ਨੂੰ ਸਿਗਰਟ ਪੀਂਦਿਆਂ ਅਨੇਕਾਂ ਵਾਰ ਵਿਖਾਇਆ ਗਿਆ ਹੈ। ਇਸੇ ਤਰ੍ਹਾਂ ਫ਼ਿਲਮ "ਕਾਰਤੂਸ" ਵਿਚ ਵੀ ਸਿੱਖਾਂ ਦਾ ਮਖੌਲ ਉਡਾਇਆ ਗਿਆ ਹੈ। ਸੀਰੀਅਲ "ਦੇਸ਼ ਮੇਂ ਨਿਕਲਾ ਹੋਗਾ ਚਾਂਦ" ਵਿਚ ਤਾਂ ਸੱਭ ਨੇ ਵੇਖਿਆ ਕਿ ਕਿਵੇਂ ਸਿੱਖਾਂ ਨੂੰ ਹਿੰਦੂ ਸਭਿਆਚਾਰ 'ਚ ਜਜ਼ਬ ਕਰਨ ਦੀ ਕੋਝੀ ਚਾਲ ਚੱਲੀ ਗਈ ਹੈ। ਫ਼ਿਲਮ "ਮਿਸ਼ਨ ਕਸ਼ਮੀਰ" ਵਿਚ ਇਕ ਸੀਨੀਅਰ ਸਿੱਖ ਪੁਲਿਸ ਅਫਸਰ (ਨਕਲੀ) ਨੂੰ ਡਰਦੇ ਮਾਰੇ ਪੈਂਟ ਵਿਚ ਹੀ ਪਿਸ਼ਾਬ ਕਰਦੇ ਵਿਖਾਇਆ ਗਿਆ ਹੈ। ਲਗਦਾ ਹੈ ਕਿ ਡਾਇਰੈਕਟਰ ਨੂੰ ਸਿੱਖ

ਇਤਿਹਾਸ ਦੀ ਜਾਣਕਾਰੀ ਨਹੀ ਜਾਂ ਜਾਣ ਬੁੱਝ ਕੇ ਉਹ ਭੁੱਲ ਗਿਆ ਹੈ ਕਿ ਇਹ ਉਹੀ ਸਿੱਖ ਹਨ ਜਿਨ੍ਹਾਂ ਨੇ ਕਸ਼ਮੀਰ ਨੂੰ ਅਫਗਾਨਿਸਤਾਨ ਤੋਂ ਖੋਹ ਕੇ ਭਾਰਤ ਦਾ ਹਿੱਸਾ ਬਣਾਇਆ।* ਦਿੱਲੀ, ਲਹੌਰ, ਪੰਜਾਬ, ਕਾਬੁਲ-ਕੰਧਾਰ ਤੇ ਜੰਮੂ ਕਸ਼ਮੀਰ, ਲੱਦਾਖ ਉਤੇ ਖਾਲਸਾ ਰਾਜ ਸਥਾਪਤ ਕਰ ਕੇ ਮੁਗਲਾਂ ਪਠਾਣਾਂ ਤੋਂ ਲਗਾਨ ਵਸੂਲ ਕੀਤਾ। ਹਿੰਦੂ ਬਹੂ-ਬੇਟੀਆਂ ਨੂੰ ਗਜ਼ਨੀ ਦੇ ਬਜ਼ਾਰਾਂ ਵਿਚ ਟਕੇ ਟਕੇ 'ਤੇ ਵਿਕਣ ਤੋ ਰੋਕਿਆ। ਹਿੰਦੂ ਤੀਰਥ "ਸੋਮਨਾਥ ਮੰਦਰ" ਨੂੰ ਲੁੱਟਣ ਆਏ ਅਬਦਾਲੀ ਵਿਦੇਸ਼ੀ ਹਮਲਾਵਰਾਂ ਨੂੰ ਭਾਜੜਾਂ ਪਾਈਆਂ ਸਨ। ਭਾਰਤ ਦੀ ਅਜ਼ਾਦੀ ਵਿਚ ਸੱਭ ਤੋਂ ਵੱਧ ਕੁਰਬਾਨੀਆਂ ਸਿੱਖਾਂ ਨੇ ਦਿਤੀਆਂ। 1965 ਤੇ 1971 ਦੀਆਂ ਜੰਗਾਂ ਜਿੱਤਣ ਵਾਲੇ ਵੀ ਸਿੱਖ ਫੌਜੀ ਸਨ। ਪੰਜਾਬੀ ਸਿੰਗਰਾਂ ਨੇ ਵੀ ਸਿੱਖਾਂ 'ਤੇ ਘੱਟ ਨਹੀਂ ਗੁਜ਼ਾਰੀ। ਪਿਛਲੇ ਦਿਨੀਂ ਡਿਸਕਵਰੀ ਚੈਨਲ ਅਤੇ ਜ਼ੀ.ਟੀ.ਵੀ. 'ਤੇ ਦਿਖਾਏ ਪ੍ਰੋਗਰਾਮ ਵੀ ਸਾਨੂੰ ਸੁਚੇਤ ਹੋਣ ਦਾ ਹੋਕਾ ਦੇ ਗਏ ਹਨ। ਸਮੂਹ ਪੰਥਕ ਮੈਗਜ਼ੀਨਾਂ ਦੇ ਸੰਪਾਦਕਾਂ, ਸੁਪਰੀਮ ਕੋਰਟ ਦੇ ਸਮੂਹ ਸਿੱਖ ਵਕੀਲਾਂ ਤੇ ਰਿਟਾਇਰਡ ਜੱਜ ਸਾਹਿਬਾਨਾਂ, ਪੰਜਾਬੀਅਤ ਦੀ ਗੱਲ ਕਰਨ ਵਾਲੇ ਕਲਾਕਾਰਾਂ ਅਤੇ ਸਮੂਹ ਪੰਥਕ ਜਥੇਬੰਦੀਆਂ ਇਸ ਗੰਭੀਰ ਸਮੱਸਿਆ ਨਾਲ ਨਜਿੱਠਣ ਲਈ ਇਕ ਸਾਂਝੀ ਐਕਸ਼ਨ ਕਮੇਟੀ ਬਣਾਉਣ ਬਾਰੇ ਵਿਚਾਰ ਕਰ ਰਹੀਆਂ ਹਨ ਜੋ ਹਰ ਅਜਿਹੇ ਫ਼ਿਲਮ, ਸੀਰੀਅਲ, ਚੈਨਲ ਅਤੇ ਸਿੰਗਰ ਤੇ ਐਕਸ਼ਨ ਲਵੇ ਅਤੇ ਇਨ੍ਹਾਂ ਦੀਆਂ ਕਰਤੂਤਾਂ ਦਾ ਭਾਂਡਾ ਭੰਨੇ। □□□□□□

---

* ਜਦ 1947 ਵਿਚ ਪਾਕਿਸਤਾਨ ਦੀ ਫੋਜ ਸਿਵਲ ਕਪੜਿਆਂ ਵਿਚ ਕਸ਼ਸੀਰ ਤੇ ਹਮਲਾ ਕਰਕੇ ਅਗੇ ਵਧਦੀ ਅੱਧੇ ਸ੍ਰੀਨਗਰ ਸ਼ਹਿਰ ਤੇ ਕਾਬਜ ਹੋ ਚੁਕੀ ਸੀ ਅਤੇ, ਹਵਾਈ ਅੱਡਾ ਵੀ ਉਹਨਾ ਦੀ ਗੋਲੀ ਬਾਰੀ ਦੀ ਮਾਰ ਵਿਚ ਆ ਚੁਕਾ ਸੀ ਉਸ ਸਮੇਂ ਸਿੱਖ ਸੂਰਮੇ ਫੋਜੀ ਹੀ ਅੱਗੇ ਵਧੇ ਸੀ ਅਤੇ ਕਸ਼ਮੀਰ ਨੂੰ ਪਾਕਿਸਤਾਨ ਵਿਚ ਜਾਣ ਤੋਂ ਬਚਾ ਲਿਆ ਸੀ। ਇਹ ਸੀ ਮਹਾਰਾਜਾ ਪਟਿਆਲਾ ਦੀ ਸਿੱਖ ਰੇਜੀਮੈਂਟ। ਉਹਨਾਂ ਸਾਡੇ ਛੇ ਫੁਟ ਉਚੇ ਅਤੇ ਚੋੜੀਆਂ ਛਾਤੀਆਂ ਵਾਲੇ ਸਿਖਾਂ ਦੀ ਬਹਾਦਰੀ ਦੀ ਦਾਦ ਅੱਜ ਵੀ ਬਜ਼ੁਰਗ ਕਸ਼ਮੀਰੀ ਮੁਸਲਮਾਨ ਦੇਂਦੇ ਹਨ। (ਐਡੀਟਰ)

ਬਦਲੇ ਰੰਗ ਜ਼ਮਾਨੇ ਦੇ

ਆਰ. ਐਸ. ਐਸ. ਐਂਡ ਕੰਪਨੀ ਜਿਨਾਂ ਨੇ ਜੰਗ-ਏ-ਆਜ਼ਾਦੀ ਵਿਚ ਦੇਸ਼ ਨਾਲ ਗਦਾਰੀ ਕੀਤੀ, ਅਤੇ ਅੰਗਰੇਜਾਂ ਦਾ ਸਾਥ ਦਿਤਾ ਅੱਜ ਉਹ 'ਮਹਾਨ ਦੇਸ਼ ਭਗਤ' ਬਣ ਬੈਠੇ ਹਨ ਅਤੇ ਜਿੰਨ੍ਹਾਂ ਸਿੱਖਾਂ ਨੇ ਜੰਗ-ਏ-ਆਜਾਦੀ ਵਿਚ ਵਧ ਚੜ ਕੇ ਹਿੱਸਾ ਲਿਆ, ਜਾਨਾਂ ਕੁਰਬਾਨ ਕੀਤੀਆਂ, ਫਾਂਸੀ ਦੇ ਫੰਦਿਆਂ ਨੂੰ ਚੁੰਮਿਆ, ਆਪਣੇ ਖੂਨ ਨਾਲ ਆਜਾਦੀ ਦੇ ਪ੍ਰਚਮ ਨੂੰ ਰੰਗਿਆ। ਅਜ ਦੇਸ਼ਦ੍ਰੋਹੀ ਅਤੇ ਅਤਿਵਾਦੀ ਗਿਣੇ ਜਾ ਰਹੇ ਹਨ।

ਅੱਜ ਆਰ. ਐਸ. ਐਸ. ਅਤੇ ਉਹਨਾਂ ਦਾ ਸਾਥੀ ਬੀ.ਜੇ.ਪੀ. ਵਾਲੇ ਸਿੱਖ ਧਰਮ ਨੂੰ ਮਿਲਗੋਭਾ ਬਣਾ ਰਹੇ ਹਨ। ਅਖੌਤੀ ਸਿੱਖ ਲੀਡਰਸ਼ਿਪ ਅਤੇ ਜਥੇਦਾਰਾਂ ਤੇ ਇਲਜ਼ਾਮ ਲਗਾਏ ਜਾ ਰਹੇ ਹਨ ਕਿ ਅੰਦਰ ਖਾਤੇ ਉਹ ਵੀ ਜਾਤ ਅਭਿਮਾਨੀਆਂ ਅਤੇ ਰਾਜ ਅਭਿਮਾਨੀਆਂ ਦੇ ਨਾਲ ਹਨ।

ਸਿੱਖੀ ਵਿਚ ਜੰਤ੍ਰ-ਮੰਤ੍ਰ

-ਹਰਜਿੰਦਰ ਸਿੰਘ 'ਸਭਰਾ'

ਜੰਤ੍ਰ-ਮੰਤ੍ਰ-ਤੰਤ੍ਰ : ਤਾਂਤ੍ਰਿਕਾਂ ਵਲੋਂ ਅੰਧਵਿਸ਼ਵਾਸੀ ਲੋਕਾਂ ਨੂੰ ਅਪਣੀਆਂ ਸ਼ਕਤੀਆਂ ਦੁਆਰਾ ਹਰ ਕੰਮ ਸਿਰੇ ਚੜ੍ਹਾਉਣ ਦਾ ਭਰਮ ਪਾ ਕੇ ਅਪਣੇ ਮਗਰ ਲਾਇਆ ਜਾਂਦਾ ਹੈ ਅਤੇ ਉਨ੍ਹਾਂ ਦੀ ਹਰ ਤਰ੍ਹਾਂ ਦੀ ਲੁੱਟ ਕੀਤੀ ਜਾਂਦੀ ਹੈ। ਦਰਅਸਲ ਅਪਣੇ ਜੀਵਨ ਦੀਆਂ ਉਲਝਣਾਂ ਅਤੇ ਸੁਭਾਵਕ ਘਟਣ ਵਾਲੀਆਂ ਘਟਨਾਵਾਂ ਤੋਂ ਘਬਰਾਹਟ ਵਿਚ ਆਏ ਲੋਕਾਂ ਵਲੋਂ ਕਿਸੇ ਅਜਿਹੇ ਆਸਰੇ ਦੀ ਭਾਲ ਕੀਤੀ ਜਾਂਦੀ ਹੈ ਜੋ ਉਨ੍ਹਾਂ ਨੂੰ ਇਸ ਮੁਸ਼ਕਲ ਵਿਚੋਂ ਕੱਢ ਸਕੇ। ਅਪਣੀਆਂ ਮੁਸ਼ਕਲਾਂ ਦਾ ਹੱਲ ਕਢਵਾਉਣ ਦੀ ਲਾਲਸਾ ਨਾਲ ਅਜਿਹੇ ਲੋਕ ਕਈ ਤਰ੍ਹਾਂ ਦੇ ਸਾਧਨਾਂ ਦੀ ਵਰਤੋਂ ਕਰਦੇ ਹਨ। ਅਜਿਹੀ ਹਾਲਤ ਵਿਚ ਅਜਿਹੇ ਲੋਕਾਂ ਦੀ ਇਸ ਕਮਜ਼ੋਰੀ ਅਤੇ ਅਗਿਆਨਤਾ ਦਾ ਕਈ ਪਖੰਡੀ ਲੋਕ ਨਾਜਾਇਜ਼ ਫਾਇਦਾ ਉਠਾਉਂਦੇ ਹਨ। ਭੋਲੇ-ਭਾਲੇ ਲੋਕ ਅਗਿਆਨਤਾ ਵੱਸ ਇਨ੍ਹਾਂ ਦੇ ਭਰਮ ਜਾਲ ਵਿਚ ਫਸ ਜਾਂਦੇ ਹਨ ਜਿਥੇ ਉਨ੍ਹਾਂ ਦੀ ਹਰ ਤਰ੍ਹਾਂ ਦੀ ਲੁੱਟ ਕੀਤੀ ਜਾਂਦੀ ਹੈ। ਹਵਨ, ਯੱਗ, ਬਲੀ, ਭੇਟਾ, ਆਦਿ ਜਿਹੇ ਅਨੇਕਾਂ ਪ੍ਰਪੰਚ ਰਚਾ ਕੇ ਬੇਸਮਝ ਲੋਕਾਂ ਤੇ ਅਪਣੇ ਸਿਆਣੇ ਹੋਣ ਦਾ ਸਿੱਕਾ ਬਿਠਾਇਆ ਜਾਂਦਾ ਹੈ। ਧਾਗੇ, ਤਵੀਤ, ਆਦਿ ਦੇ ਕਈ ਤਰ੍ਹਾਂ ਦੇ ਵਹਿਮ-ਭਰਮ ਪਾਏ ਜਾਂਦੇ ਹਨ। ਕਈ ਵਾਰ ਤਾਂ ਕਿਸੇ ਦੇ ਦੁੱਖਾਂ ਦਾ ਕਾਰਨ ਕਿਸੇ ਹੋਰ ਨੂੰ ਦੱਸ ਕੇ ਸਮਾਜ ਵਿਚ ਆਪਸੀ ਕਲੇਸ਼ ਵੀ ਪਾ ਦਿਤਾ ਜਾਂਦਾ ਹੈ। ਆਪਣੀਆਂ ਉਲਝਨਾਂ ਅਤੇ ਦੁੱਖਾਂ ਦਾ ਅਸਲ ਕਾਰਨ ਨਾ ਜਾਣ ਕੇ ਬਹੁਗਿਣਤੀ ਲੋਕ ਇਨ੍ਹਾਂ ਚੱਕਰਾਂ ਵਿਚ ਪਏ ਰਹਿੰਦੇ ਹਨ। ਮਾਨਸਿਕ, ਸਰੀਰਕ, ਆਰਥਕ ਹਰ ਤਰ੍ਹਾਂ ਦਾ ਸ਼ੋਸ਼ਣ ਕਰ ਕੇ ਪੂਰੀ ਤਰ੍ਹਾਂ ਨਾਲ ਅਜਿਹੇ ਅਖੌਤੀ ਸਿਆਣੇ ਅਪਣੀ ਝੂਠੀ ਦੁਕਾਨਦਾਰੀ ਚਲਾਉਂਦੇ ਹਨ। ਸਿੱਖ ਰਹਿਤ ਮਰਯਾਦਾ ਅੰਦਰ ਅਜਿਹੇ ਮਨਮਤੀ ਅਤੇ ਭਰਮੀ ਕਰਮਾਂ ਤੋਂ ਬਚਣ ਅਤੇ ਸੁਚੇਤ ਰਹਿਣ ਦੀ ਪ੍ਰੇਰਨਾ ਕੀਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਜਿਹੇ ਕਰਮਾਂ ਨੂੰ ਵਿਅਰਥ ਦੱਸਦੀ ਹੋਈ ਇਨ੍ਹਾਂ ਕਰਮਾਂ ਵਿਚ ਫਸਣ ਵਾਲਿਆਂ ਨੂੰ ਅਗਿਆਨੀ ਅਤੇ ਬੇਸਮਝ ਦੱਸਦੀ ਹੈ। ਇਨ੍ਹਾਂ ਫੋਕਟ ਕਰਮਾਂ ਦਾ ਤਿਆਗ ਕਰ ਕੇ ਗੁਰਬਾਣੀ ਗਿਆਨ ਦਾ ਪੱਲਾ ਫੜਨ ਅਤੇ ਇਕ ਪ੍ਰਮੇਸ਼ਰ ਦਾ ਆਸਰਾ ਤਕਣ ਦੀ ਪ੍ਰੇਰਨਾ ਕੀਤੀ ਹੈ।

"ਤੰਤੁ ਮੰਤੁ ਪਾਖੰਡੁ ਨ ਜਾਣਾ, ਰਾਮ ਰਿਦੇ ਮਨੁ ਮਾਨਿਆ ॥" (766)

"ਰਾਮ ਨਾਮ ਜੋ ਜਨ ਅਨਦਿਨੁ ਸਦ ਜਾਗੈ॥ ਤੰਤੁ ਮੰਤੁ ਨਹ ਜੋਹਈ, ਤਿਤੁ ਚਾਖੁ ਨ ਲਾਗੈ ॥" (818)

"ਤੰਤੁ ਮੰਤੁ ਪਾਖੰਡੁ ਨ ਕੋਈ, ਨਾ ਕੋ ਵੰਸੁ ਵਜਾਇਦਾ॥" (1035)

ਉਪਰੋਕਤ ਗੁਰਬਾਣੀ ਦੇ ਕਥਨ ਅਜਿਹੇ ਫੋਕਟ ਕਰਮਾਂ ਦੀ ਭਰਪੂਰ ਖੰਡਨਾਂ ਕਰਦੇ ਹਨ ਪਰ ਗੁਰਮਤਿ ਸਿਧਾਂਤਾਂ ਦਾ ਗਿਆਨ ਨਾ ਹੋਣ ਕਾਰਨ ਕਈ ਲੋਕ ਅਜਿਹੇ ਕਰਮਾਂ ਵਿਚ ਗਲਤਾਨ ਹਨ। ਅਫਸੋਸ ਦੀ ਗੱਲ ਇਹ ਹੈ ਕਿ ਕਈ ਸਿੱਖ ਅਖਵਾਉਣ ਵਾਲੇ ਵੀ ਅਜਿਹੇ ਕਰਮਾਂ ਵਿਚ ਸ਼ਰੀਕ ਹੁੰਦੇ ਹਨ। ਕਈ ਅਖੌਤੀ ਸਾਧ ਅਜਿਹੇ ਹੀ ਢੰਗਾਂ

ਨਾਲ ਲੋਕਾਂ ਦੀ ਲੁੱਟ ਕਰਦੇ ਹਨ। ਗੁਰਬਾਣੀ ਦੇ ਸ਼ਬਦਾਂ ਦਾ ਮੰਤ੍ਰ ਦੇ ਕੇ ਗੁਰਮਤਿ ਦੀ ਘੋਰ ਅਵੱਗਿਆ ਕੀਤੀ ਜਾਂਦੀ ਹੈ। ਆਮ ਲੋਕਾਂ ਨੂੰ ਗੁਰਬਾਣੀ ਦੇ ਨਾਮ 'ਤੇ ਗੁਮਰਾਹ ਵੀ ਕੀਤਾ ਜਾਂਦਾ ਹੈ। ਤਾਂਤ੍ਰਿਕਾਂ ਵਾਂਗ ਕਈ ਵਿਧੀਆਂ ਦੇ ਪਾਠ ਕਰਨ ਤੇ ਕਰਵਾਉਣ ਦਾ ਪ੍ਰਚਾਰ ਕਰਨ ਵਾਲੇ ਵੀ ਗੁਰਮਤਿ ਦੀ ਘੋਰ ਅਵੱਗਿਆ ਕਰਦੇ ਹਨ। ਅਜਿਹੇ ਲੋਕਾਂ ਤੋਂ ਸਿੱਖ ਸੰਗਤਾਂ ਨੂੰ ਸੁਚੇਤ ਰਹਿਣਾ ਚਾਹੀਦਾ ਹੈ। ਗੁਰਬਾਣੀ ਪਾਠ ਨਾਲ ਕਈ ਤਰ੍ਹਾਂ ਦੀਆਂ ਸਮੱਗਰੀਆਂ ਦੀ ਵਰਤੋਂ ਕਰਨੀ ਵੀ ਤਾਂਤ੍ਰਿਕ ਵਿਧੀ ਹੀ ਹੈ ਜਿਸ ਨੂੰ ਅਗਿਆਨਤਾ ਵੱਸ ਸਹੀ ਮਰਯਾਦਾ ਕਿਹਾ ਜਾ ਰਿਹਾ ਹੈ। ਪਿੰਡਾਂ, ਸ਼ਹਿਰਾਂ, ਹਰ ਥਾਂ 'ਤੇ ਅਖੌਤੀ ਸਿਆਣਿਆਂ, ਤਾਂਤ੍ਰਿਕਾਂ, ਰੂਹਾਨੀ ਇਲਮ ਦੇ ਮਾਹਰਾਂ ਅਤੇ ਹਰ ਦੁੱਖ ਦਾ ਉਪਾਅ ਕਰਨ ਦਾ ਦਾਅਵਾ ਕਰਨ ਵਾਲਿਆਂ ਦੀਆਂ ਝੂਠ ਦੁਕਾਨਾਂ ਬੜੇ ਜ਼ੋਰ-ਸ਼ੋਰ ਨਾਲ ਚਲ ਰਹੀਆਂ ਹਨ। ਅਜਿਹੀਆਂ ਥਾਵਾਂ ਤੋਂ ਵੱਡੀ ਪੱਧਰ 'ਤੇ ਅੰਧਵਿਸ਼ਵਾਸ ਫੈਲਾਇਆ ਜਾ ਰਿਹਾ ਹੈ। ਮੀਡੀਆ ਰਾਹੀਂ ਵੀ ਇਸ ਦਾ ਖੂਬ ਪ੍ਰਚਾਰ ਕੀਤਾ ਜਾਂਦਾ ਹੈ। ਅਜਿਹੇ ਵਹਿਮ-ਭਰਮ ਫੈਲਾਉਣ ਵਾਲੇ ਲੋਕਾਂ ਤੋਂ ਸੁਚੇਤ ਕਰਨ ਅਤੇ ਬਚਾਉਣ ਲਈ ਸਮਾਜਕ, ਧਾਰਮਕ, ਵਿਦਿਅਕ ਸੰਸਥਾਵਾਂ ਨੂੰ ਅਹਿਮ ਰੋਲ ਅਦਾ ਕਰਨਾ ਚਾਹੀਦਾ ਹੈ।

ਟੀ. ਵੀ. ਉਤੇ ਰਾਸ਼ੀ ਫਲ

ਸਵੇਰੇ ਸਵੇਰੇ ਜਦੋਂ ਟੀ.ਵੀ. ਲਗਾਈਦਾ ਹੈ ਤਾਂ ਇਹ ਤਾਂਘ ਹੁੰਦੀ ਹੈ ਕਿ ਤਾਜੀਆਂ ਖਬਰਾਂ ਪੱਲੇ ਪੈਣ ਤੇ ਬੀਤੀ ਰਾਤ ਦੁਨੀਆਂ ਤੇ ਜੋ ਵਾਪਰਿਆ ਉਸ ਦੀ ਜਾਣਕਾਰੀ ਲੈ ਕੇ ਕੰਮ ਧੰਦੇ ਜਾਇਆ ਜਾਵੇ। ਪਰ ਦਿਲ ਉਦੋਂ ਖੱਟਾ ਹੋ ਜਾਂਦਾ ਹੈ ਜਦੋਂ ਖਬਰਾਂ ਵਾਲੇ ਚੈਨਲਾਂ 'ਤੇ ਰਾਸ਼ੀਫੱਲ ਇੰਜ ਦਸਿਆ ਜਾ ਰਿਹਾ ਹੁੰਦਾ ਹੈ ਜਿਵੇਂ ਕਿਸੇ ਕੌਮੀ ਸਮੱਸਿਆ ਦਾ ਹੱਲ ਦਸਿਆ ਜਾ ਰਿਹਾ ਹੋਵੇ। ਤੀਰ ਤੁੱਕੇ ਵਾਲੀ ਖੇਡ ਨੂੰ ਵਿਗਿਆਨ ਦੱਸ ਕੇ ਇਹ ਚੈਨਲਾਂ ਵਾਲੇ ਪਤਾ ਨਹੀ ਕਿਸ ਦਾ ਭਲਾ ਕਰ ਰਹੇ ਹਨ। ਫਿਰ ਸੋਚੀਦਾ ਹੈ ਕਿ ਇਨ੍ਹਾਂ ਨਾਲੋਂ ਤਾਂ ਦੂਰਦਰਸ਼ਨ ਵਾਲੇ ਹੀ ਚੰਗੇ ਹਨ। ਛੇ ਸੌ ਕਰੋੜ ਦੀ ਦੁਨੀਆਂ ਨੂੰ ਬਾਰਾਂ ਹਿੱਸਿਆਂ ਵਿਚ ਵੰਡ ਕ ਹਰੇਕ ਹਿੱਸੇ ਨੂੰ ਇਹ ਦਸਿਆ ਜਾਂਦਾ ਹੈ ਕਿ ਕਿਸ ਕਿਸ ਚੀਜ਼ ਤੋਂ ਬਚਣਾ ਹੈ ਤੇ ਕਿਹੜਾ ਕੰਮ ਨਹੀਂ ਕਰਨਾ। ਨਾਮ ਤਾਂ ਇਕ ਚੈਨਲ ਨੇ ਅਜਿਹੇ ਪ੍ਰੋਗਰਾਮ ਦਾ ਰਖਿਆ ਹੈ 'ਬਚ ਕੇ ਰਹਿਨਾ' ਪਰ ਮੈ ਤਾਂ ਕਹਿੰਦਾ ਹਾਂ ਕਿ ਲੋਕੋ ਬੱਚ ਕੇ ਰਹਿਣਾ ਰਾਸ਼ੀ ਫਲ ਦੱਸਣ ਵਾਲਿਆ ਤੋਂ।

ਤੁਹਾਡੀ ਚਿਠੀ ਮਿਲੀ

ਡਾ: ਸੁਰਜੀਤ ਸਿੰਘ ਤਰਾਲ (ਕਸ਼ਮੀਰ) ਤੋ ਲਿਖਦੇ ਹਨ -

ਸਤਿਕਾਰ ਯੋਗ ਵੀਰ ਜੀਓ,

ਆਪ ਜੀ ਦੇ ਟ੍ਰੈਕਟ ਪੰਥ ਦੀ ਲੋੜਵੰਦ ਸੇਵਾ ਕਰ ਰਹੇ ਹਨ। ਮੇਰਾ ਸੁਝਾਓ ਹੈ ਕਿ ਇਹ ਟ੍ਰੈਕਟ ਭਾਰਤ ਦੀਆਂ ਚਾਰ ਭਾਸ਼ਾਵਾਂ ਵਿਚ ਹੋਣੇ ਚਾਹੀਦੇ ਹਨ ਜਿਵੇਂ ਕਿ ਪੰਜਾਬੀ, ਅੰਗਰੇਜ਼ੀ, ਉਰਦੂ ਅਤੇ ਹਿੰਦੀ ।

ਧੰਨਵਾਦ

ਸ: ਕੰਵਲਜੀਤ ਸਿੰਘ C/o ITI Ltd ਸ਼੍ਰੀਨਗਰ ਕਸ਼ਮੀਰ ਤੋ ਲਿਖਦੇ ਹਨ -

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ॥

ਆਪ ਜੀ ਦਾ ਉਦਮ ਬਹੁਤ ਸਲਾਹੁਣ ਯੋਗ ਹੈ। ਦਾਸ ਦਾ ਸੁਝਾਅ ਹੈ ਕਿ ਪੰਜਾਬ ਵਿਚ ਨੌਜੁਆਨਾਂ ਵਿਚ, ਕੌਮ ਪਿਆਰ, ਧਾਰਮਕ ਰੁੱਚੀ, ਅਤੇ ਰਾਜਨੀਤਕ ਜਾਗਰੂਕਤਾ ਪੈਦਾ ਕਰਨ ਲਈ ਭਿੰਨ ਭਿੰਨ ਕਾਲਜਾਂ, ਸਕੂਲਾਂ, ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨਾਲ ਮੇਲ ਮਿਲਾਪ ਪੈਦਾ ਕਰਕੇ ਉਨ੍ਹਾਂ ਨੂੰ ਮਾਨਸਕ ਤੌਰ ਤੇ ਤਿਆਰ ਕੀਤਾ ਜਾਵੇ। ਜਿਵੇਂ ਕਿਸੇ ਰੁਖ ਦੀਆਂ ਵਡੀਆਂ ਟਹਿਣੀਆਂ ਨੂੰ ਮੋੜ ਨਹੀ ਸਕਦੇ ਪਰ ਛੋਟੀਆਂ ਟਹਿਣੀਆਂ ਨੂੰ ਮੋੜਿਆ ਜਾ ਸਕਦਾ ਹੈ। ਇਹੋ ਤਰੀਕਾ ਹੈ ਕੌਮ ਦੀ ਨਵੀਂ ਪਨੀਰੀ ਨੂੰ ਜਾਗਰੂਕ ਕਰਕੇ ਕੌਮ ਦੇ ਭਵਿਖ ਨੂੰ ਸੁਰਜੀਤ ਕਰਨ ਦਾ। ਆਸ ਹੈ ਆਪ ਜੀ ਸਾਡਾ ਤੁਛ ਜਿਹਾ ਸੁਝਾਅ ਕਬੂਲ ਕਰੋਗੇ।

ਸ: ਹਰਦੇਵ ਸਿੰਘ ਜੀ ਡਾ: ਗਿਲ (ਲੁਧਿਆਨਾ) ਤੋ ਲਿਖਦੇ ਹਨ -

ਸਤਿਕਾਰ ਯੋਗ ਸ: ਦਲੀਪ ਸਿਘ ਜੀ

ਗੁਰੂ ਫਤਹਿ ਪ੍ਰਵਾਨ ਕਰਨੀ ਜੀ

ਆਪ ਜੀ ਵਲੋਂ ਭੇਜੇ ਜਾ ਰਹੇ ਗੁਰਮਤਿ ਟ੍ਰੈਕਟ ਲਗਾਤਾਰ ਮਿਲ ਰਹੇ ਹਨ ਪੜ੍ਹ ਕੇ ਬਹੁਤ ਖੁਸ਼ੀ ਹੁੰਦੀ ਹੈ, ਕਿ ਆਪ ਜੀ ਵਰਗੇ ਸਜਣ, ਗੁਰੂ ਨਾਨਕ ਜੀ ਦਾ ਸੰਦੇਸ਼, ਠੀਕ ਰੂਪ ਵਿਚ ਘਰ ਘਰ ਪਹੁਚਾਉਣ ਲਈ ਯਤਨ ਸ਼ੀਲ ਹੋ। ਪਰ ਅਜ ਸਿੱਖ ਕੌਮ ਨੂੰ ਜਿਥੇ ਯੋਗ ਅਗਵਾਈ ਦੀ ਲੋੜ ਹੈ, ਉਥੇ ਸੰਸਾਰ ਭਰ ਵਿਚ ਹੋ ਰਹੀਆਂ ਘਟਨਾਵਾਂ ਬਾਰੇ ਜਾਣਕਾਰੀ ਵੀ ਚਾਹੀਦੀ ਹੈ। ਅਜੋਕੇ ਮਨੁਖ ਨੇ ਕੁਦਰਤ ਦਾ ਬਹੁਤ ਵੱਡਾ ਨੁਕਸਾਨ ਕਰ ਦਿਤਾ ਹੈ ਜਿਸ ਦਾ ਖਮਿਆਜਾ ਮਨੁੱਖ ਨੂੰ ਭਰਨਾ ਪਵੇਗਾ। ਸਿੱਖ ਕੌਮ ਵਿਚ ਜਮੀਨੀ ਹਕੀਕਤ ਨਾਲ ਜੁੜੇ ਲੀਡਰਾਂ ਦੀ ਬਹੁਤ ਘਾਟ ਹੈ। ਪਦਾਰਥ ਦੇ ਦੌਰ ਵਿਚ ਪੂਰਾ ਕਰਨਾ ਕਾਫੀ ਮੁਸ਼ਕਲ ਕੰਮ

ਹੈ ਤੁਹਾਡੇ ਯਤਨ ਸ਼ਲਾਘਾ ਯੋਗ ਹਨ ।

ਭਾਈ ਮਹਿੰਦਰ ਸਿੰਘ ਜੀ ਹੈਡ ਗ੍ਰੰਥੀ ਗੁ:ਗੁਰੂ ਨਾਨਕ ਸਰ ਕਚੀ ਕਾਲੋਨੀ ਬਠਿੰਡਾ ਤੋਂ ਲਿਖਦੇ ਹਨ -

ਸਤਿਕਾਰ ਯੋਗ ਸ੍ਰ: ਦਲੀਪ ਸਿੰਘ ਜੀ ਅਤੇ ਸਮੂਹ ਅਹੁਦੇਦਾਰ ਪੰਜਾਬ ਖਾਲਸਾ ਟ੍ਰੈਕਟ ਸੋਸਾਇਟੀ।

ਆਪ ਸਭ ਵਧਾਈ ਦੇ ਹੱਕਦਾਰ ਹੋ ਜੋ ਆਪਣੀ ਨੇਕ ਨੀਅਤ ਨਾਲ ਸਿੱਖ ਕੌਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਯਤਨ ਸ਼ੀਲ ਹੋ। ਇਸੇ ਤਰ੍ਹਾਂ ਆਪ ਸਭ ਪੰਥ ਦਾ ਦਰਦ ਰੱਖ ਕੇ ਪੰਥ ਦੀ ਸੇਵਾ ਕਰਦੇ ਰਹੋ।

ਆਪ ਜੀ ਵੱਲੋਂ ਲਿਟਰੇਚਰ ਲਗਾਤਾਰ ਭੇਜਿਆ ਜਾ ਰਿਹਾ ਹੈ ਸਾਨੂੰ ਲਗਾਤਾਰ ਮਿਲ ਰਿਹਾ ਹੈ। ਭਾਈ ਤਾਰੂ ਸਿੰਘ ਦੀ ਫੋਟੋ ਵਾਲਾ ਲਿਟਰੇਚਰ ਬਹੁਤ ਵਧੀਆ ਤੇ ਦਿਲ ਨੂੰ ਖਿੱਚਣ ਵਾਲਾ ਸੀ। ਦਾਸ ਦਾ ਸੁਝਾਅ ਹੈ ਕਿ ਫਰੰਟ ਪੇਜ ਤੇ, ਲਾਸਟ ਪੇਜ ਤੇ ਇਤਿਹਾਸਕ ਫੋਟੋਆਂ ਅਤੇ ਸ਼ਹੀਦ ਸਿੰਘਾਂ ਦੀਆਂ ਫੋਟੋਆਂ ਲਗਾ ਕੇ ਲਿਟਰੇਚਰ ਵੰਡਿਆ ਜਾਵੇ। ਸਿੱਖ ਕੌਮ ਨੂੰ ਆਉਂਣ ਵਾਲੇ ਔਖੇ ਸਮੇ ਲਈ ਇੱਕ ਮੁੱਠ ਹੋਣਾ ਚਾਹੀਦਾ ਹੈ। ਨਾਲ ਹੀ ਸ਼ਸਤਰ ਧਾਰੀ ਵੀ ਹੋਣਾ ਚਾਹੀਦਾ ਹੈ ਤਾਂ ਹੀ ਅਸੀਂ ਨਕਲੀ ਗੁਰੂਆਂ / ਦੇਹ ਧਾਰੀ ਪਾਖੰਡੀਆਂ ਦਾ ਮੁਕਾਬਲਾ ਕਰ ਸਕਦੇ ਹਾਂ।

ਸਾਡੇ ਇਕ ਪੁਰਾਣੇ ਹਿਤੈਸ਼ੀ, ਸ: ਹਰਭਜਨ ਸਿੰਘ ਜੀ ਮਾਡਲ ਟਾਉਨ ਲੁਧਿਆਨਾ ਤੇ ਲਿਖਦੇ ਹਨ -

ਮੇਰੇ ਹਮਉਮਰ ਤੇ ਹਮਖਿਆਲ ਕਸ਼ਮੀਰੀ ਜੀਉ,

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥

ਅੱਗੇ ਵੀ ਬੇਨਤੀ ਕੀਤੀ ਸੀ ਕਿ ਟ੍ਰੈਕਟ ਦੀ ਪਰੂਫ਼ ਰੀਡਿੰਗ ਵਲ ਧਿਆਨ ਦਿੱਤਾ ਜਾਏ। ਸ਼ਾਇਦ ਉਹ ਪੱਤਰ ਤੁਹਾਡੇ ਨੋਟਿਸ ਵਿਚ ਨਹੀਂ ਆਇਆ। ਟ੍ਰੈਕਟ ਨੰ. 15 ਵਿਚ 14-15 ਸਫ਼ੇ ਤੇ ਬੇਅੰਤ ਗਲਤੀਆਂ ਹਨ। ਇਹ ਤਾਂ ਉਸ ਤਰਾਂ ਹੈ ਜਿਵੇਂ ਖੀਰ ਵਿਚ ਸੁਆਹ ਪਾ ਦਿੱਤੀ ਜਾਏ। ਕੀ ਪ੍ਰੈਸ ਜੋ ਕੁਝ ਛਾਪ ਦੇਂਦਾ ਹੈ ਉਹ ਹੀ ਪ੍ਰਵਾਨ ਹੁੰਦਾ ਹੈ। ਇਹ ਗਲਤੀਆਂ ਤਾਂ ਸਧਾਰਨ ਪੜਿਆਂ ਲਿਖਿਆ ਵੀ ਕੱਢ ਸਕਦਾ ਹੈ। ਰੰਜ ਹੁੰਦਾ ਹੈ ਜਦ ਸੁੰਦਰ ਟਾਈਟਲ ਵਾਲੇ ਟ੍ਰੈਕਟ ਦੇ ਅੰਦਰ ਗਲਤੀਆਂ (ਪਰੂਫ) ਦੀ ਭਰਮਾਰ ਹੋਵੇ। ਆਪ ਜੀ ਨੇ 14-15 ਸਫਾ ਜ਼ਰੂਰ ਪੜਨਾ ਜੀ ।

ਸਤਿਕਾਰ ਯੋਗ ਸਰਦਾਰ ਸਾਹਿਬ ਜੀਉ, ਅਸੀ ਆਪ ਦੇ ਧੰਨਵਾਦੀ ਹਾਂ ਅਤੇ ਅਗੋਂ ਲਈ ਵਧੇਰੇ ਸੁਚੇਤ ਹੋਣ ਦਾ ਵਾਅਦਾ ਕਰਦੇ ਹਾਂ।

"ਕਸ਼ਮੀਰੀ"

A Bit About Sikhism (Part-II)

DEMOCRATIC : Sikhism is the harbinger of a truly democratic society and benign government, dedicated to the altruistic ideals of selfless service and classless society, with-out any barries of caste, creed and with a deep sense of equality of all men and women. This revolutionary change in the prevailing system of special rights and castebased society was the result of its Founder's gospel that there is only One God who is the Creator-Father of all and hence all human being are brothers and sisters to one another, irrespective of any distinction, whatsoever, as expressed in the following verses of its great Scripture. Sri Guru Granth Sahib :-

i) "The one God is our Father. We all are children of One God."

ii) "None is our enemy nor is anyone stranger to us. We are in accord with one and all."

iii) "We are neither high-caste, nor low-caste, not in-between."

iv) "All being creatures of One and the same Lord, we are only the Lord's own people."

That is why, while assessing the role of the reformers of the Bhakti Movement and the influence of the revolutionary religiosities set-up ushered in by Guru Nanak. Cunningham, author of the first complete and authentic rendering of Sikhs history in 1849 wrote :

"It was left to Guru Nanak, founder of Sikhism, to perceive the true principles of reform and to lay the broad principles of enables his successors to build a nationality. He gave practical effect to the doctrine that the lowest was equal to the highest in creed, in political rights and in religious hopes."

The ideal was supported by the practices introduced by Guru Nanak himself and sub-quaintly followed by his successors and Sikhs. The practice of "free community kitchen". Langar, is particularly unique and in the words of K.R. Narayanan, President of India,

"Langar is the most vivid example of the brotherhood and equality of mankind. It was not just preached but practiced."

This inimitable institution and tradition continues to this day within India and abroad. This has not only proved wrong and unjust the age-old division on castebasis, but also hit hard the system of the special privileged classes.

EGALITARIANISM : Cherishing thus a broad and liberal human base challenging the division of mankind under various classifications, treating all humans as equal members of a vast multi-cultural society and preaching mutual love, respect and harmony among different peoples and diverse faiths, its first and last prophets, Guru Nanak Dev and Guru Gobind Singh, went to the extent of exhorting everyone:

i) "Let Universal Brotherhood be the highest aspiration of your religious order."

ii) "Recognize all as belongings to the one race of humanity."

Such teaching are unsurpassed in their human appeal among world religions and history.

The revolutionary movement set forth by them for the spiritual reconstruction, moral regeneration and social amelioration of all humans gave birth to religion, which is universal in its sweep and scope, and ecumenical in its approach and outlook. It gave rise to a strong moral force against the explotation of man by man who, by following its tenets and traditions, neither fears nor frightens anyone, remains stable and steadfast in all eventualities; embodies the universal spirit of liberation and tolerance and seeks God's blessings for the welfare of mankind in his daily personal as well as congregational prayers to God as follows :

May your Name, Your glory, O God!
Be ever in ascendance!
May the whole humanity be blessed with peace and prosperty.
In Your will, by Your grace!"

Not only that, its Fifth Master; Guru Arjan Dev (1560-

1606A.D.), the holy auther and compiler of its Holy book, Sri Guru Granth Sahib (1604 A.D.) has himself prayed to him as under:

Be merciful, O God!
And keep all being under Your care.
Let food and water be in plenty.
banish their sufferings and penury
And ferry them across the Ocean of Existence.

Such universal teachings and prayers for common welfare from the substance of Sri Guru Granth Sahib, the Sikh Scripture as well as the Guru Eternal of the Sikhs, which Professor Toynbee calls "a Catholic anthology" and "mankind's common spiritual treasure". He adds : "It is important that it should be brought within the direct reach of as many people as possible." Similar sentiments were expressed as follows by pearl Puck, a noted American writer and Nobel Laureate, "I have studied scriptures of other great religions, but I do not find elsewhere the same power of appeal to the heart and mind as I find here" Sikhism is, thus, blessed with the good fortune to posses such an authentic world acclaimed unique Scripture.

Assessing such bounteous blessings, lofty ideals, noble exhortations, marvelous qualities and miraculous achievemints of its prophet-preceplors as well as its potentials and prospectus in the religious and temporal domains of the world, another eminent scholar, Dorothy Field, maintained, in 1914 : "Sikhism is capable of distinct position as a world religion. This religion is also a one, which should appeal to the Occidental mind. It is essentially a practical religion. If judged from the pragmatical standpoint. It would rank almost First in the world.

Of no other religion can it be said that it has made a nation so short a time. The Sikh Religion is one of the most interesting at present existing in India, possibly indeed in the whole world. That it should have transformed the outcaste Indian into a fine and loyal warrior, is little short of a miracle." Herein lies the significance and distinctiveness of Sikhism which has been righly called by Bradshaw "The Faith of the New Age."

Courtesy : The Sikh Review Kolkata written by Dr. Harnam Singh Shan, D.Litt.

BABA OF RICHES

He made crores in name of kar seva

Some people renounce worldly pleasures in the name of God and for serving religion. However, such service has become a route to riches. The police interrogation report of Baba Amrik Singh, who carried out kar seva at the Golden temple and many other gurdwaras in India and Pakistan, has revealed that he amassed assets worth crores of rupees in the name of religious service.

As per the police interrogation report of Baba Amrik Singh, a copy of which is available with The Tribune, he has many bank accounts and properties in his own name and the names of close aides. He has a bank account in the Centurian Bank branch at Chotti Baradari. During 2004-06 he had Rs. 4,697,593 (Four crore sixty nine lacs seven thousand five hundred ninty three only) in that account. The entire amount was withdrawn on July 3, 2006, just two months before an embezzlement case was registered against him.

In the Centurian Bank branch at the court road, Amritsar, he had Rs. 43,51,668, which he withdrew on May 24, 2006. In the Golden temple he had Rs 6,01,825 in the name of Guriqbal Singh and Rs 31,73,179 and Rs 49,98,760 in two accounts in the name of Amrik Singh. In another account in Centurian Bank at Patiala he had Rs 12,000 in the name of Kawaljit Kaur, Rs 7,76,871 in name of Amandeep Singh and Rs 1,55,933 in name of Guriqbal Singh.

In Punjab and Sind Bank, Amritsar, and the State Bank of Patiala, Sanaur, Baba Amrik Singh had Rs 1,373,919 (One crore thirty seven lacs three thousand nine hundred ninteen only) and Rs 83,927, respectively, in his name. He had Rs 5,38,814 in the HDFC branch on the Mall Road, Amritsar, and Rs 13,27,127 at Canara Bank, Amritsar, in his name.

He has plots in the name of his close aides at Budhapur

village worth around Rs 60 lakh, at Chandiala village in Hoshiarpur worth Rs 50 lakh, at Kerheri in Patiala worth Rs 15 lakh, at Khasa village in Patiala worth Rs 20 lakh, at Amritsar worth Rs 12 lakh and property worth Rs 70 lakh at Sathiana village in Hoshiarpur. This information was provided by Baba Amrik Singh to the police after his arrest in the embezzlement case.

The police in the report also maintained that the Baba rose from rags to riches in 15 years by embezzling kar seva funds. He had visited Pakistan 35 to 40 times since 2004. There he met Punjab ultras , including Paramjit Singh Panjwar, Rajinder Singh, Wadhawa Singh, Manjeet Singh, alias Pinka, Gurmeet Singh Aulakh and Manmohan Singh Khalsa.

He also disclosed that he allegedly took shelter at the house of Paramjit Singh Sarna, president of the DSGMC.

The police registered a case against Baba Amrik Singh for embezzling kar seva funds at Tripuri police Station in September 2006

(INDIAN EXPRESS)

ਇਹ ਇਕ ਕਾਰ ਸੇਵਾ ਵਾਲੇ ਬਾਬੇ ਦਾ ਕੱਚਾ ਚਿੱਠਾ ਹੈ। ਹੋਰ ਬਥੇਰਿਆਂ ਦੀ ਹਾਲਤ ਵੀ ਇਹੋ ਜਹੀ ਹੀ ਪਾਵੋਗੇ ।

□□□□□

ਖਾਲਸਾ ਪੰਥ ਦਾ ਗੁਰੂ ਕੇਵਲ ਤੇ ਕੇਵਲ "ਗੁਰੂ ਗ੍ਰੰਥ ਸਾਹਿਬ"

ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇ, ਮੁਗਲੀਆ ਹਕੂਮਤ ਦਾ ਮੁਕਾਬਲਾ ਕਰਨ ਵਾਸਤੇ ਭਾਵੇਂ ਸਿੱਖਾਂ ਦੇ 65 ਜੱਥੇ ਅਤੇ ਫਿਰ 12 ਮਿਸਲਾਂ ਬਣ ਗਈਆਂ ਪਰ ਸੱਭ ਦੀ ਗੁਰ ਮਰਯਾਦਾ ਇਕ ਸੀ। ਉਸ ਵੇਲੇ ਕੋਈ ਪਾਖੰਡੀ ਸਾਧ ਜਾਂ ਸੰਤ ਇਨ੍ਹਾਂ ਵਿਚ ਸ਼ਾਮਲ ਨਹੀਂ ਸੀ ਅਤੇ ਨਾ ਕੋਈ ਗੁਰਸਿੱਖ ਅਪਣੇ ਨਾਂ ਨਾਲ ਸੰਤ ਸਾਧ ਜਾਂ ਬ੍ਰਹਮ ਗਿਆਨੀ ਸ਼ਬਦ ਵਰਤਦਾ ਸੀ। ਜਿਹੜੇ ਇਹ ਸੰਪਰਦਾਈ ਕਹਿੰਦੇ ਹਨ ਕਿ ਸਾਡੀ ਟਕਸਾਲ ਗੁਰੂ ਗੋਬਿੰਦ ਸਿੰਘ ਤੋਂ ਸੀਨਾ ਬਸੀਨਾ ਚਲੀ ਆ ਰਹੀ ਹੈ, ਉਹ ਵੀ ਅਪਣੇ ਗ੍ਰੰਥਾਂ ਵਿਚ ਸੰਪਰਦਾਈ ਪ੍ਰਣਾਲੀ ਲਿਖਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਨੂੰ ਤਾਂ ਇਕੱਲਾ ਗੁਰੂ ਗੋਬਿੰਦ ਸਿੰਘ ਲਿਖਦੇ ਹਨ, ਪਿਛਲਿਆਂ ਨੂੰ "ਭਾਈ" ਜਿਵੇਂ ਭਾਈ ਮਨੀ ਸਿੰਘ ਜੀ ਆਦਿਕ । ਫਿਰ ਅੱਗੇ ਜਾ ਕੇ ਸੰਪਰਦਾਈ ਮੁਖੀ ਨਾਲ ਸੰਤ ਸ਼ਬਦ ਜੋੜ ਦਿੰਦੇ ਹਨ। ਫਿਰ ਇਥੇ ਹੀ ਬੱਸ ਨਹੀਂ, ਅੱਜ ਦੇ ਟਕਸਾਲੀ, ਸੰਪਰਦਾਈ ਜਾਂ ਡੇਰੇਦਾਰ ਸੰਤ, ਗਿਆਨੀ, ਮਹਾਂਪੁਰਖ, ਪੂਰਨ ਬ੍ਰਹਮ ਗਿਆਨੀ, 108, 1008 ਵੀ ਜੋੜੀ ਜਾ ਰਹੇ ਹਨ। ਜ਼ਰਾ ਸੋਚੋ ਜੇ ਗੁਰੂ ਸਾਹਿਬ ਜੀ ਵੇਲੇ

ਸੱਭ "ਭਾਈ" ਜਾਂ ਵੱਧ ਤੋਂ ਵੱਧ "ਬਾਬਾ" ਜੀ ਅਖਵਾਉਂਦੇ ਸਨ ਜਾਂ ਉਨ੍ਹਾਂ ਨੂੰ ਭਾਈ ਹੀ ਕਿਹਾ ਜਾਂਦਾ ਸੀ (ਜਿਵੇਂ ਸਿੱਖ ਪੰਥ ਦੀਆਂ ਸਿਰਮੌਰ ਹਸਤੀਆਂ ਭਾਈ ਮਰਦਾਨਾ ਜੀ, ਭਾਈ ਭਗੀਰਥ ਜੀ, ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਬੀਧੀ ਚੰਦ ਜੀ, ਭਾਈ ਮਤੀ ਦਾਸ ਜੀ, ਭਾਈ ਘਨਈਆ ਜੀ, ਭਾਈ ਨੰਦ ਲਾਲ ਜੀ, ਬਾਬਾ ਬੰਦਾ ਸਿੰਘ ਜੀ, ਭਾਈ ਮਨੀ ਸਿੰਘ ਜੀ, ਬਾਬਾ ਦੀਪ ਸਿੰਘ ਜੀ, ਭਾਈ ਜੱਸਾ ਸਿੰਘ ਜੀ, ਭਾਈ ਕਪੂਰ ਸਿੰਘ ਜੀ, ਭਾਈ ਹਰੀ ਸਿੰਘ ਨਲਵਾ ਜਰਨੈਲ ਆਦਿਕ ਪੁਰਾਤਨ ਸਿੱਖ ਭਾਈ ਅਤੇ ਬਾਬਾ ਹੀ ਸਨ। ਸੰਗਤ ਪੁਛਦੀ ਹੈ ਕਿ ਹੁਣ ਦੇ ਸੰਤ ਅਤੇ ਸੰਪਰਦਾਈ ਡੇਰੇਦਾਰ ਗੁਰ ਹੁਕਮਾਂ ਅਤੇ ਪੁਰਾਤਨ ਭਾਈ ਅਤੇ ਬਾਬਾ ਜੀ ਵਾਲੇ ਲਕਬ ਬਦਲ ਕੇ ਸੰਤ, ਬ੍ਰਹਮ ਗਿਆਨੀ, ਮਹਾਂਪੁਰਖ, ਵਿਦਿਆ ਮਾਰਤੰਡ ਅਤੇ 108 ਜਾਂ 1008 ਪੂਰਨ ਬ੍ਰਹਮ ਗਿਆਨੀ ਕਿਵੇਂ ਬਣ ਗਏ?

ਆਉ ਗੁਰੂ ਗ੍ਰੰਥ ਸਾਹਿਬ ਜੀ ਦੀ ਸੱਚੀ ਬਾਣੀ ਦੀ ਦੇਖ ਰੇਖ ਵਿਚ ਕਥਾ ਅਤੇ ਇਤਿਹਾਸ ਦੀ ਵਿਚਾਰ ਕਰਿਆ ਕਰੀਏ। ਜਿਹੜੀ ਰਚਨਾ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਨਾਲ ਮੇਲ ਨਹੀਂ ਖਾਂਦੀ ਜਾਂ ਮਿਥਿਹਾਸਕ ਹੈ, ਦਾ ਤਿਆਗ ਕਰੀਏ। ਗੁਰੂ ਗ੍ਰੰਥ ਸਾਹਿਬ ਰੂਪੀ ਘਰ ਵਿਚ ਸੱਭ ਕੁੱਝ ਹੈ, ਫਿਰ ਅਸੀ ਬਾਹਰ ਕਿਉ ਮੰਗਦੇ ਫਿਰਦੇ ਹਾਂ ਭਾਵ ਮਿਥਿਹਾਸਕ ਕਥਾ ਕਹਾਣੀਆਂ ਵਾਲੇ ਗ੍ਰੰਥਾਂ ਦੀ ਹੀ ਕਥਾ ਕਿਉਂ ਕਰੀ ਜਾ ਰਹੇ ਹਾਂ ? "ਜੇ ਘਰਿ ਹੋਂਦੇ ਮੰਗਣਿ ਜਾਈਐ ਫਿਹਿ ਓਲਾਮਾ ਮਿਲੇ ਤਹੀਂ ॥"(ਪੰਨਾ 903) ਸੋ ਪਿਆਰ ਸਤਿਕਾਰ ਨਾਲ ਇਕ ਮਨ ਹੋ ਕੇ ਸੋਚੋ ਅਤੇ ਵਿਚਾਰੋ ਕਿ ਗੁਰੂ ਸਾਹਿਬ ਜੀ ਨੇ ਖਾਲਸਾ ਪੰਥ ਸਾਜਿਆ ਸੀ ਜਾਂ ਟਕਸਾਲਾਂ ਅਤੇ ਸੰਪਰਦਾਵਾਂ? ਆਉ ਬਾਕੀ ਗ੍ਰੰਥਾਂ ਨੂੰ ਛੱਡ ਕੇ **"ਗੁਰੂ ਗ੍ਰੰਥ ਸਾਹਿਬ ਜੀ"** ਦੇ ਲੜ ਲੱਗ ਕੇ ਇਸ ਦੇ ਪਵਿੱਤਰ ਵਿਗਿਆਨਕ ਅਤੇ ਅਟੱਲ ਸਿਧਾਂਤਾਂ ਦੇ ਧਾਰਨੀ ਹੋ ਕੇ ਖਾਲਸਾ ਪੰਥ ਦੇ ਮੈਂਬਰ ਬਣੀਏ ਨਾਕਿ ਕੋਈ ਨਾਨਕਸਰੀਆਂ, ਕੋਈ ਟਕਸਾਲੀ, ਕੋਈ ਕੀਰਤਨੀ, ਕੋਈ ਤਰਮਾਲੇ, ਵਾਲੇ ਤੇ ਮਿਸ਼ਨਰੀ ਆਦਿਕ ਵਖਰੇਵੇਂ ਹੀ ਪਾਲਦੇ ਰਹੀਏ। ਬਾਕੀ ਦੇ ਗ੍ਰੰਥ ਜਾਣਕਾਰੀ ਖਾਤਰ ਪੜ੍ਹੇ ਜਾ ਸਕਦੇ ਹਨ ਅਤੇ ਕਿਸੇ ਚੰਗੀ ਗੱਲ ਦੀ ਮਿਸਾਲ ਵੀ ਦਿਤੀ ਜਾ ਸਕਦੀ ਹੈ ਜੋ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਨਾਲ ਮਿਲਦੀ ਹੋਵੇ। ਆਉ ਇਕੱਠੇ ਹੋ ਕੇ ਸਿੰਘ ਸਭਾ ਲਹਿਰ ਦੀ ਤਰ੍ਹਾਂ ਆਪਾਂ ਵੀ ਸਿੱਖ ਪੰਥ ਵਿਚ ਪੈਦਾ ਹੋਏ ਅਤੇ ਹੋਰ ਹੋ ਰਹੇ ਡੇਰਿਆਂ ਨੂੰ ਪਨਪਣ ਤੋਂ ਰੋਕੀਏ ਅਤੇ ਗੁਰੂ ਗਿਆਨ ਦੀ ਵਿਚਾਰ ਨਾਲ, ਸਹੀ ਰਸਤਾ ਦੱਸ ਕੇ ਸਿੱਖ ਪੰਥ ਵਿਚ ਸ਼ਾਮਲ ਕਰੀਏ। ਫਿਰ ਵੀ ਜਿਹੜਾ ਡੇਰੇਦਾਰ ਸਿੱਖ ਹੋ ਦੇ "ਸਿੱਖ ਰਹਿਤ ਮਰਯਾਦਾ" ਡੇਰੇ ਵਿਚ ਲਾਗੂ ਨਹੀਂ ਕਰਦਾ, ਉਥੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਮਹਾਨ ਸਰੂਪ ਵਾਪਸ ਲੈ ਲਈਏ।ਇਉਂ ਹੀ ਡੇਰੇ ਬੰਦ ਹੋਣਗੇ ਨਹੀਂ ਤਾਂ ਹੋਰ ਵਧਦੇ ਜਾਣਗੇ। ਅਖੰਡ ਪਾਠਾਂ ਦੀ ਥਾਂ ਪਾਠ ਬੋਧ ਦੀਆਂ ਲੜੀਆਂ ਚਲਾਈਏ। ਜਦ ਹਰੇਕ ਸਿੱਖ ਆਪ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪੜ੍ਹਨ ਤੇ ਵਿਚਾਰਨ ਲੱਗ ਪਿਆ, ਉਹ ਕਦੇ ਡੇਰਿਆਂ 'ਤੇ ਨਹੀਂ ਜਾਵੇਗਾ ਅਤੇ ਨਾ ਹੀ ਫਾਲਤੂ ਕਰਮਕਾਂਡ ਕਰੇਗਾ ਅਤੇ ਉਸ ਨੂੰ ਪਤਾ ਲੱਗ ਜਾਵੇਗਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ "ਖਾਲਸਾ ਪੰਥ" ਸਾਜਿਆ ਸੀ, ਨਾਕਿ ਕੋਈ ਵੱਖ ਵੱਖ ਟਕਸਾਲਾਂ, ਸੰਪਰਦਾਵਾਂ ਅਤੇ ਡੇਰੇ ਚਲਾਏ ਸਨ।

ਜਨਰਲ ਸਕੱਤਰ
ਗੁਰੂ ਗ੍ਰੰਥ ਸਾਹਿਬ ਪ੍ਰਚਾਰ ਮਿਸ਼ਨ ਆਫ
ਯੂ. ਐਸ. ਏ. ਫੋਨ : (510-432-5827)

97 ਫੀ ਸਦੀ ਸਿੱਖਾਂ ਵਲੋਂ ਬੇਅੰਤ ਕਾਂਡ ਦੇ 'ਦੋਸ਼ੀ' ਸਾਫ ਬਰੀ

ਸ: ਜੋਗਿੰਦਰ ਸਿੰਘ ਮੁੱਖ ਸੰਪਾਦਕ "ਸਪੋਕਸਮੈਨ"

ਮਨੁੱਖਤਾ ਉਸ ਸੁਭਾਗੇ ਸਮੇ ਦੀ ਕਾਮਨਾ ਹੀ ਕਰ ਸਕਦੀ ਹੈ ਜਦੋਂ ਸਮਾਜ ਵਿਚੋਂ ਹਿੰਸਾ ਪੂਰੀ ਤਰ੍ਹਾਂ ਖਤਮ ਹੋ ਜਾਏ ਤੇ ਨਾ ਕੋਈ ਹਾਕਮ ਹੀ, ਸੱਤਾ ਦਾ ਦੁਰਉਪਯੋਗ ਕਰ ਕੇ, ਅਪਣੇ ਲੋਕਾਂ ਉਤੇ ਜ਼ੁਲਮ ਕਰੇ ਤੇ ਨਾ ਹੀ ਪ੍ਰਜਾ ਵਿਚੋਂ ਉਠ ਕੇ, ਕੋਈ ਅਪਣੇ ਹਾਕਮ ਨੂੰ ਗੋਲੀ ਮਾਰਨ ਦੀ ਸੋਚੇ। ਉਹ ਆਦਰਸ਼ ਸਮਾਂ ਕਦੋਂ ਆਵੇਗਾਂ, ਕੋਈ ਨਹੀਂ ਦਸ ਸਕਦਾ। **ਇਸ ਵੇਲੇ ਤਾਂ ਹਾਲਤ ਇਹ ਹੈ ਕਿ ਹਾਕਮ ਲੋਕ ਸੱਤਾ ਦੇ ਨਸ਼ੇ ਵਿਚ ਅੰਨ੍ਹੇ ਹੋ ਕੇ, ਦਰਬਾਰ ਸਾਹਿਬ ਵਰਗੇ ਪਵਿੱਤਰ ਸਥਾਨ ਉਤੇ, ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਮਨਾ ਰਹੀਆਂ ਸੰਗਤਾਂ ਨੂੰ ਨਿਸ਼ਾਨਾ ਬਣਾ ਕੇ, ਫੌਜ ਕੋਲੋਂ ਹਮਲਾ ਕਰਵਾ ਦੇਂਦੇ ਹਨ ਪਰ ਮਗਰੋਂ ਵੀ ਅਫਸੋਸ ਦੇ ਦੋ ਲਫਜ਼ ਨਹੀਂ ਬੋਲ ਸਕਦੇ।** ਫੌਜੀਆਂ ਨੇ ਦਰਬਾਰ ਸਾਹਿਬ ਵਿਚ ਲਾਸ਼ਾਂ ਦੇ ਢੇਰ ਲਾ ਦੇਣ ਮਗਰੋਂ, ਤਿੰਨ ਦਿਨ ਮਗਰੋਂ, ਅਕਾਲ ਤਖਤ ਦੇ ਸਾਹਮਣੇ ਖੜੇ ਹੋ ਕੇ, ਸ਼ੈਤਾਨੀ ਹਾਸੀ ਹਸਦਿਆਂ ਹੋਇਆਂ, ਇਹ ਕਹਿ ਕੇ ਮਜ਼ਾਕ ਉਡਾਇਆ ਸੀ, "ਯਹਾਂ ਰੋਜ ਕਹਿਤੇ ਥੇ 'ਰਾਜ ਕਰੇਗਾ ਖਾਲਸਾ'।। ਅਬ ਤੋ ਕਹਾ ਕਰੇਂਗੇ 'ਯਾਦ ਕਰੇਗਾ ਖਾਲਸਾ'। ਬੜੀ ਦੇਰ ਤਕ ਯਾਦ ਕਰੇਂਗੇ ਹਮਾਰੇ ਹਾਥੋਂ ਕਾ ਗ਼ਜ਼ਬ ਭੀ।"

ਦਰਬਾਰ ਸਹਿਬ ਅੰਦਰ, ਬਾਹਵਾਂ ਪਿਠ ਪਿਛੇ ਬੰਨ੍ਹ ਕੇ ਤੇ ਗੋਲੀਆਂ ਮਾਰ ਕੇ ਮਾਰੇ ਗਏ ਸੈਂਕੜੇ ਸਿੱਖਾਂ ਦੀਆਂ ਲਾਸ਼ਾਂ ਦੀ ਤਸਦੀਕ, ਪੋਸਟ ਮਾਰਟਮ ਕਰਨ ਵਾਲੇ ਸਰਕਾਰੀ ਡਾਕਟਰਾਂ ਨੇ ਵੀ ਕੀਤੀ ਸੀ। ਫਿਰ 'ਟਰੀਬਿਊਨ' ਅਖਬਾਰ ਵਿਚ **ਇਕ ਖਬਰ ਲਵਾਈ ਗਈ** ਕਿ "ਭਾਰਤ ਸਰਕਾਰ ਬਲੂਸਟਾਰ ਆਪ੍ਰੇਸ਼ਨ ਵਿਰੁਧ ਸਿੱਖਾਂ ਦੇ ਨਿਗੂਣ ਜਹੇ ਰੋਸ ਤੋਂ ਬੜੀ ਹੈਰਾਨ ਹੋਈ ਮਹਿਸੂਸ ਕਰਦੀ ਹੈ ਅਤੇ ਸਰਕਾਰ ਨੂੰ ਤਾਂ ਯਕੀਨ ਸੀ ਕਿ ਫੌਜੀ ਕਾਰਵਾਈ ਵਿਰੁਧ ਸਿੱਖ ਬੜਾ ਜ਼ੋਰਦਾਰ ਰੋਸ ਪ੍ਰਗਟ ਕਰਨਗੇ।" ਇਹ ਖਬਰ ਉਸ ਵੇਲੇ ਲਵਾਈ ਗਈ ਜਦੋਂ ਪੰਜਾਬ ਦੇ ਸਾਰੇ ਪ੍ਰੈੱਸ ਉਤੇ ਕੁੱਝ ਵੀ ਲਿਖਣ ਪ੍ਰਤੀ ਪਾਬੰਦੀ ਲੱਗੀ ਹੋਈ ਸੀ। **ਇਸ ਤਰ੍ਹਾਂ ਜਾਣਬੁਝ ਕੇ ਨੌਜਵਾਨਾਂ ਨੂੰ ਭੜਕਾਹਟ ਦਿਤੀ ਗਈ।** ਭੜਕਾਹਟ ਵਿਚ ਆ ਕੇ ਕੁੱਝ ਨੌਜੁਆਨਾਂ ਨੇ ਬੰਦੂਕ ਚੁਕ ਲਈ। ਜਿਹੜੇ ਹਿੰਸਾ ਦੇ ਰਾਹ ਪੈਂਦੇ ਹਨ, ਉਨ੍ਹਾਂ ਨਾਲ ਹਿੰਸਕ ਢੰਗ ਨਾਲ ਨਿਪਟਣਾ ਵੀ ਕੋਈ ਗ਼ਲਤ ਗੱਲ ਨਹੀਂ ਪਰ ਗੱਲ ਹੌਲੀ ਹੌਲੀ ਇਥੇ ਆ ਪੁੱਜੀ ਕਿ ਬੰਦੂਕਧਾਰੀ ਖਾੜਕੂਆਂ ਨੂੰ ਖਤਮ ਕਰਨ ਦੇ ਬਹਾਨੇ, ਬਿਲਕੁਲ ਨਿਰਦੋਸ਼ ਮੁੰਡਿਆਂ ਨੂੰ ਮਾਰਨਾ ਸ਼ੁਰੂ ਕਰ ਦਿਤਾ ਗਿਆ। ਪੁਲਿਸ ਵਾਲੇ ਇਨ੍ਹਾਂ ਨਿਰਦੋਸ਼ਾਂ ਨੂੰ ਮਾਰ ਕੇ ਇਨਾਮਾਂ ਦੀਆਂ ਰਕਮਾਂ ਨਾਲ ਜੇਬਾਂ ਵੀ ਭਰ ਲੈਂਦੇ ਰਹੇ ਅਤੇ ਤਰੱਕੀਆਂ ਵੀ ਹਾਸਲ ਕਰਦੇ ਰਹੇ। **ਹਜ਼ਾਰਾਂ ਅਜਿਹੇ ਨਿਰਦੋਸ਼ ਨੌਜੁਆਨਾਂ ਨੂੰ ਮਾਰ ਕੇ ਤੇ 'ਅਣਪਛਾਤੀਆਂ ਲਾਸ਼ਾਂ' ਕਹਿ ਕੇ ਦਰਿਆਵਾਂ ਵਿਚ ਰੋੜ੍ਹ ਦਿਤਾ ਜਾਂਦਾ ਸੀ, ਹਾਲਾਂਕਿ ਪੁਲਿਸ ਵਾਲੇ ਆਪ ਇਨ੍ਹਾਂ ਨੂੰ ਘਰੋਂ ਚੁਕ ਕੇ ਲਿਆਂਦੇ ਸਨ ਤੇ ਮੁਰਗੀ**

ਮੁਰਗੇ ਵਾਂਗ ਝਟਕਾ ਦੇਂਦੇ ਸਨ। ਜਸਵੰਤ ਸਿੰਘ ਖਾਲੜਾ ਨੇ ਅਜਿਹੇ ਹਜ਼ਾਰਾਂ ਕੇਸ ਲੱਭ ਲਏ ਤਾਂ ਉਸ ਨੂੰ ਵੀ ਪੁਲਿਸ ਹਿਰਾਸਤ ਵਿਚ ਲੈ ਕੇ, ਕੇ.ਪੀ. ਸਿੰਘ ਗਿਲ ਦੇ ਸਾਹਮਣੇ ਮਾਰ ਦਿਤਾ ਗਿਆ।

ਉਸ ਵੇਲੇ ਜਿਨ੍ਹਾਂ ਨੌਜੁਆਨਾਂ ਨੇ, ਬਿਲਕੁਲ ਨਿਰਦੋਸ਼ ਨੌਜੁਆਨਾਂ ਨੂੰ ਇਸ ਤਰ੍ਹਾਂ ਮੌਤ ਦੇ ਘਾਟ ਉਤਾਰੇ ਜਾਂਦੇ ਵੇਖਿਆ, ਉਨ੍ਹਾਂ ਨੇ ਮਹਿਸੂਸ ਕੀਤਾ ਕਿ ਜੇ ਨਿਰਦੋਸ਼ ਨੌਜੁਆਨਾਂ ਉਤੇ ਵੱਡੇ ਹਾਕਮ ਵਲੋਂ ਢਾਹੇ ਜਾ ਰਹੇ ਜ਼ੁਲਮ ਨੂੰ ਨਾ ਰੋਕਿਆ ਗਿਆ ਤਾਂ ਪੰਜਾਬ ਵਿਚ ਥੋੜੇ ਸਮੇਂ ਬਾਅਦ ਕੋਈ ਕੇਸਾਧਾਰੀ ਸਿੱਖ ਨੌਜੁਆਨ ਵੇਖਣ ਨੂੰ ਵੀ ਨਹੀਂ ਮਿਲੇਗਾ। ਇਸ ਸੋਚ ਅਧੀਨ, ਉਨ੍ਹਾਂ ਨੇ, ਨੌਜੁਆਨ ਨਿਰਦੋਸ਼ ਸਿੱਖਾਂ ਦੀ ਨਸਲਕੁਸ਼ੀ ਦਾ ਦੋਸ਼ੀ, ਵਕਤ ਦੇ ਹਾਕਮ ਨੂੰ ਮਿਥ ਕੇ, ਗਲਤ ਜਾਂ ਠੀਕ, ਹਿੰਸਕ ਢੰਗਾਂ ਰਾਹੀਂ ਉਸ ਨੂੰ ਰੋਕਣ ਦਾ ਫੈਸਲਾ ਕਰ ਲਿਆ।

ਅਦਾਲਤ ਦਾ ਨਿਰਣਾ ਆ ਗਿਆ ਹੈ ਕਿ ਕਾਨੂੰਨ ਦੀਆਂ ਨਜ਼ਰਾਂ ਵਿਚ, ਹਿੰਸਾ ਰਾਹੀਂ ਹਾਕਮ ਨੂੰ ਨਸਲਕੁਸ਼ੀ ਤੋਂ ਰੋਕਣ ਦਾ ਫੈਸਲਾ ਗ਼ਲਤ ਸੀ ਤੇ ਇਸ ਲਈ ਹਾਕਮ ਨੂੰ ਮਾਰਨ ਵਾਲੇ, ਸਜ਼ਾ ਦੇ ਹੱਕਦਾਰ ਹਨ। ਅਦਾਲਤਾਂ ਇਹੀ ਕੁੱਝ ਕਰ ਸਕਦੀਆਂ ਸਨ। ਉਹ ਕੇਵਲ ਉਨ੍ਹਾਂ ਲੋਕਾਂ ਬਾਰੇ ਨਿਰਣਾ ਦੇ ਸਕਦੀਆਂ ਹਨ ਜਿਨ੍ਹਾਂ ਨੂੰ ਪੁਲਿਸ ਦੀ ਵਰਦੀ ਵਾਲੇ ਬੰਦੇ ਫੜ ਕੇ ਅਦਾਲਤ ਸਾਹਮਣੇ ਪੇਸ਼ ਕਰ ਦੇਣ ਤੇ ਨਾਲ ਹੀ ਗਵਾਹ ਲਿਆ ਦੇਣ ਜੋ ਝੂਠਾ ਸੱਚਾ ਬਿਆਨ ਦੇ ਦੇਣ ਜਿਸ ਤੋਂ ਸਾਬਤ ਹੁੰਦਾ ਹੋਵੇ ਕਿ ਕਟਹਿਰੇ ਵਿਚ ਖੜੇ ਬੰਦੇ ਸਚਮੁਚ ਹੀ ਦੋਸ਼ੀ ਹਨ। ਪਰ ਅਦਾਲਤਾਂ ਉਨ੍ਹਾਂ ਬਾਰੇ ਨਿਰਣਾ ਨਹੀਂ ਦੇ ਸਕਦੀਆਂ ਜਿਨ੍ਹਾਂ ਨੂੰ ਪੁਲਿਸ ਵਾਲੇ, ਫੜ ਕੇ ਪੇਸ਼ ਨਾ ਕਰ ਸਕਦੇ ਹੋਣ। ਇਸੇ ਲਈ ਹਥਲੇ ਮਾਮਲੇ ਵਿਚ ਅਦਾਲਤ ਇਹ ਨਿਰਣਾ ਨਹੀਂ ਦੇ ਸਕਦੀ ਕਿ ਨਸਲਕੁਸ਼ੀ ਕਰਨ ਵਾਲਾ ਹਾਕਮ ਅਸਲ ਦੋਸ਼ੀ ਸੀ ਕਿ ਉਸ ਨੂੰ ਨਸਲਕੁਸ਼ੀ ਕਰਨ ਤੋਂ ਰੋਕਣ ਲਈ ਹਿੰਸਾ ਦੇ ਰਾਹ ਪੈਣ ਵਾਲਾ?

ਵੱਡੇ ਹਾਕਮ ਨੂੰ ਨਸਲਕੁਸ਼ੀ ਕਰਨੋਂ ਰੋਕਣ ਵਾਲਾ ਕੋਈ ਵੀ 'ਹਿੰਸਾਵਾਦੀ', ਆਦੀ ਮੁਜਰਮ ਨਹੀਂ ਸੀ, ਹਿੰਸਕ ਕਾਰਵਾਈਆਂ ਕਰਨ ਕਰ ਕੇ ਬਦਨਾਮ ਹੋ ਚੁੱਕਾ ਵਿਅਕਤੀ ਨਹੀ ਸੀ, ਸਰਕਾਰ ਦਾ ਤਖਤਾ ਪਲਟਣ ਦੀ ਇੱਛਾ ਰੱਖਣ ਵਾਲਾ ਵਿਅਕਤੀ ਵੀ ਨਹੀਂ ਸੀ ਬਲਕਿ ਕਿਸੇ ਰਾਜਸੀ ਵਿਚਾਰਧਾਰਾ ਨਾਲ ਜੁੜਿਆ ਵਿਅਕਤੀ ਵੀ ਨਹੀ ਸੀ। ਇਹ ਸਾਰੇ, ਅਗਰ ਜੀਵਨ ਵਿਚ ਪਹਿਲੀ ਵਾਰ ਹਿੰਸਾ ਦੇ ਰਾਹ ਤੇ ਪਏ ਤਾਂ ਕੇਵਲ ਇਸ ਲਈ ਕਿ ਉਹ ਪਿੰਡਾਂ ਵਿਚ ਥੋਕ ਦੇ ਹਿਸਾਬ ਮਾਰੇ ਜਾ ਰਹੇ ਅਪਣੇ ਨਿਰਦੋਸ਼ ਭਰਾਵਾਂ ਦੇ, ਵਰਦੀਧਾਰੀਆਂ ਹੱਥੋਂ ਹੋ ਰਹੇ ਕਤਲੇਆਮ ਨੂੰ ਰੋਕਣ ਦਾ ਹੋਰ ਕੋਈ ਰਾਹ ਨਹੀਂ ਸਨ ਸਮਝਦੇ। ਇਨ੍ਹਾਂ ਦੇ ਦੋਸ਼ ਦਾ ਅਸਲ ਫੈਸਲਾ ਇਤਿਹਾਸਕਾਰ ਕਰੇਗਾ ਕਿਉਂਕਿ ਇਤਿਹਾਸਕਾਰ ਨੇ ਉਸ ਸੱਭ ਕੁੱਝ ਦੇ ਆਧਾਰ ਤੇ ਹੀ ਫੈਸਲਾ ਨਹੀਂ ਕਰਨਾ ਹੁੰਦਾ ਜੋ ਉਸ ਦੇ ਸਾਹਮਣੇ ਪਰੋਸ ਕੇ ਰਖਿਆ ਜਾਂਦਾ ਹੈ। ਸਗੋਂ ਉਹ ਉਸ ਸੱਭ ਕੁੱਝ ਨੂੰ ਵੀ ਲੱਭ ਲੈਂਦਾ ਹੈ ਜੋ ਉਸ ਤੋਂ ਲੁਕਾਇਆ ਗਿਆ ਹੁੰਦਾ ਹੈ ਤੇ ਗੁਮਨਾਮੀ ਦੇ ਤਹਿਖਾਨਿਆਂ ਵਿਚ ਦਬਿਆ ਹੁੰਦਾ ਹੈ।

ਅਦਾਲਤ ਨੇ ਭਗਤ ਸਿੰਘ ਨੂੰ ਦੋਸ਼ੀ ਮੰਨਿਆ, ਇਤਿਹਾਸਕਾਰ ਨੇ ਨਹੀਂ। ਅਦਾਲਤ

ਨੇ ਉਧਮ ਸਿੰਘ ਨੂੰ ਦੋਸ਼ੀ ਮੰਨਿਆ, ਇਤਿਹਾਸਕਾਰ ਨੇ ਨਹੀਂ। ਜੇ ਰਾਮ ਅਤੇ ਰਾਵਣ ਦਾ ਮਾਮਲਾ ਵੀ ਅਦਾਲਤ ਵਿਚ ਚਲਾ ਜਾਂਦਾ ਤਾਂ ਯਕੀਨਨ ਰਾਮ ਨੂੰ ਦੋਸ਼ੀ ਮੰਨਿਆ ਜਾਂਦਾ ਕਿਉਂਕਿ ਕਾਨੂੰਨ ਤਾਂ ਕਤਲ ਕਰਨ ਵਾਲੇ ਨੂੰ ਦੋਸ਼ੀ ਮੰਨਦਾ ਹੀ ਹੈ। ਪਰ ਮਨੁੱਖੀ ਇਤਿਹਾਸ ਦੀਆਂ ਕੁੱਝ ਘਟਨਾਵਾਂ ਐਸੀਆਂ ਹਨ ਜਿਨ੍ਹਾਂ ਬਾਰੇ ਅਦਾਲਤੀ ਫੈਸਲੇ ਨਹੀਂ, ਇਤਿਹਾਸਕਾਰਾਂ ਦੇ ਫੈਸਲੇ ਲੋਕਾਂ ਨੂੰ ਜ਼ਿਆਦਾ ਮੰਨਣਯੋਗ ਲਗਦੇ ਹਨ।

ਅਸੀਂ ਸੱਭ ਨੇ 'ਕਾਨੂੰਨ'ਦੇ ਰਾਜ'ਵਿਚ ਰਹਿਣ ਦਾ ਫੈਸਲਾ ਲਿਆ ਹੋਇਆ ਹੈ, ਇਸ ਲਈ ਅਦਾਲਤ ਦੇ ਫੈਸਲੇ ਨੂੰ ਮੰਨਣਾ ਵੀ ਸਾਡੇ ਲਈ ਜ਼ਰੂਰੀ ਹੈ। ਹਾਂ ਕਾਨੂੰਨ ਵੀ ਮੰਨਦਾ ਹੈ ਕਿ ਅਦਾਲਤਾਂ ਦੇ ਫੈਸਲੇ ਨੂੰ ਵੀ ਕੁੱਝ ਹਾਲਤਾਂ ਵਿਚ ਇਕ ਬੰਦਾ ਉਲਟਾ ਸਕਦਾ ਹੈ ਤੇ ਉਹ ਹੈ ਦੇਸ਼ ਦਾ ਰਾਸ਼ਟਰਪਤੀ। ਅਜਿਹਾ ਜ਼ਰੂਰੀ ਸੀ ਕਿਉਂਕਿ ਕੁੱਝ ਮਾਮਲੇ ਅਜਿਹੇ ਹੁੰਦੇ ਹਨ ਜਿਨ੍ਹਾਂ ਵਿਚ ਕਾਨੂੰਨ ਤੋਂ ਇਲਾਵਾ, ਹੋਰ ਕਈ ਚੀਜ਼ਾਂ ਵੀ ਅਜਿਹੀਆਂ ਹੁੰਦਿਆਂ ਹਨ ਜਿਨ੍ਹਾਂ ਨੂੰ ਇਨਸਾਫ ਦਾ ਅੰਤਮ ਤਰਾਜ਼ੂ ਬਨਾਉਣਾ ਜ਼ਰੂਰੀ ਬਣ ਜਾਂਦਾ ਹੈ। ਲਗਭਗ ਸਾਰੇ ਹੀ ਰਾਜਸੀ ਕੇਸ ਉਸੇ ਜ਼ੁਮਰੇ ਵਿਚ ਆਉਂਦੇ ਹਨ। ਮੌਜੂਦਾ ਕੇਸ ਵੀ ਯਕੀਨਨ ਕਿਸੇ ਹੋਰ ਸ਼੍ਰੇਣੀ ਵਿਚ ਨਹੀਂ ਆ ਸਕਦਾ। ਇਸੇ ਲਈ ਜਦ ਅਸੀ ਇਹ ਜਾਣਨ ਦੀ ਕੋਸ਼ਿਸ਼ ਕੀਤੀ ਕਿ ਬੇਅੰਤ ਕਤਲ ਕੇਸ ਵਿਚ 'ਦੋਸ਼ੀ' ਠਹਿਰਾਏ ਗਏ ਮੁੰਡਿਆਂ ਬਾਰੇ, ਉਹ ਲੋਕ, ਜਿਨ੍ਹਾਂ ਨੂੰ ਕਥਿਤ ਤੌਰ ਤੇ ਹਿੰਸਾ ਦਾ ਰਾਹ ਚੁਣਿਆ (ਸਿੱਖ), ਉਹ ਕੀ ਸੋਚਦੇ ਹਨ ਤਾਂ ਵੱਖ ਵੱਖ ਸ੍ਰੋਤਾਂ ਤੋਂ ਜਵਾਬ ਇਹੀ ਆਇਆ ਕਿ ਦੁਨੀਆਂ ਭਰ ਦੇ 97 ਪ੍ਰਤੀਸ਼ਤ ਸਿੱਖ ਇਨ੍ਹਾਂ ਨੂੰ 'ਦੋਸ਼ੀ' ਨਹੀਂ ਮੰਨਦੇ ਤੇ ਸਾਫ ਬਰੀ ਕਰਦੇ ਹਨ।

'ਜਿਊਰੀ'ਦਾ ਸਿਸਟਮ ਵੀ ਸ਼ਾਇਦ ਇਹ ਸੋਚ ਕੇ ਹੀ ਸ਼ੁਰੂ ਕੀਤਾ ਗਿਆ ਸੀ ਤਾਕਿ 'ਕਾਨੂੰਨ' ਦੀ ਬੇਤਰਸ ਕਸੌਟੀ ਹੀ ਇਨਸਾਫ ਦੀ ਇਕੋ ਇਕ ਕਸੌਟੀ ਨਾ ਬਣਾ ਦਿਤੀ ਜਾਏ ਸਗੋਂ ਸਮਾਜ ਦੇ ਵੱਖ ਵੱਖ ਵਰਗਾਂ ਨਾਲ ਸਬੰਧਤ ਲੋਕ ਹੋਰ ਕਸੌਟੀਆਂ ਉਤੇ ਵੀ ਦੋਸ਼ੀ ਦੇ ਦੋਸ਼ ਦੀ ਪਰਖ ਕਰ ਲਿਆ ਕਰਨ। ਇਸੇ ਨੂੰ ਅੱਗੇ ਚਲਾਉਂਦੇ ਹੋਏ, ਸ਼ਾਇਦ ਕਲ ਨੂੰ ਕਾਨੂੰਨ ਵਿਚ ਇਹ ਸੋਧ ਕਰ ਦਿਤੀ ਜਾਏ ਕਿ ਅਦਾਲਤੀ ਫੈਸਲੇ ਤੋਂ ਬਾਅਦ ਵੀ, ਜੇ ਕੋਈ ਸਿਆਸੀ ਅਪਰਾਧੀ, ਲੋਕਾਂ ਦਾ ਫੈਸਲਾ ਜਾਣਨਾ ਚਾਹੇ ਤਾਂ ਉਸ ਦਾ ਪ੍ਰਬੰਧ ਸਰਕਾਰ ਕਰੇ। ਜੇ ਅਜਿਹਾਂ ਪ੍ਰਬੰਧ ਹੋ ਜਾਏ ਸਾਡੀ ਸੂਚਨਾ ਅਨੁਸਾਰ, 97 ਪ੍ਰਤੀਸ਼ਤ ਸਿੱਖ, ਅਦਾਲਤ ਵਲੋਂ ਠਹਿਰਾਏ ਗਏ 'ਦੋਸ਼ੀਆਂ ਨੂੰ ਬਰੀ ਕਰ ਦੇਣਗੇ। ਪਰ ਹੁਣ ਦੇ ਹਾਲਾਤ ਵਿਚ,ਇਹ ਫੈਸਲਾ ਅਦਾਲਤ ਨਹੀਂ ਦੇ ਸਕਦੀ, ਇਤਿਹਾਸਕਾਰ ਦੇਵੇਗਾ । ਜੇ ਮਾਮਲਾ ਰਾਸ਼ਟਰਪਤੀ ਕੋਲ ਜਾਂਦਾ ਹੈ ਤਾਂ ਉਨ੍ਹਾਂ ਨੂੰ ਇਤਿਹਾਸਕਾਰ ਦੀ ਨਜ਼ਰ ਨਾਲ ਹੀ ਰਾਜਸੀ ਅਪਰਾਧੀਆਂ ਬਾਰੇ ਨਿਰਣਾ ਲੈਣਾ ਚਾਹੀਦਾ ਹੈ। ਕਾਨੂੰਨ ਦੀ ਨਜ਼ਰ ਨਾਲ ਵੇਖ ਕੇ, ਅਦਾਲਤਾਂ ਸਦਾ ਹੀ ਰਾਜਸੀ ਅਪਰਾਧੀਆਂ ਦੇ ਖਿਲਾਫ ਫੈਸਲੇ ਦੇਂਦੀਆਂ ਆਈਆਂ ਹਨ। ਇਤਿਹਾਸਕਾਰ ਹੀ ਉਨ੍ਹਾਂ ਦੇ ਹੱਕ ਵਿਚ ਭੁਗਤਦਾ ਹੈ। ਮੌਜੂਦਾ ਕੇਸ ਵਿਚ, ਸਿੱਖ ਇਹੀ ਸਮਝਦੇ ਹਨ ਕਿ ਅਪਣੀ ਆਹੂਤੀ ਦੇ ਕੇ, ਇਨ੍ਹਾਂ ਮੁੰਡਿਆਂ ਨੇ, ਹਜ਼ਾਰਾਂ ਨਿਰਦੋਸ਼ ਨੌਜੁਆਨਾਂ ਨੂੰ ਕਤਲ ਹੋਣੋਂ ਬਚਾ ਲਿਆ। ਉਹ ਇਨ੍ਹਾਂ ਦੇ ਹੱਕ ਵਿਚ ਕਿਉਂ ਨਾ ਭੁਗਤਣਗੇ? ਜੇ ਮਾਮਲਾ ਰਾਸ਼ਟਰਪਤੀ ਕੋਲ ਜਾਂਦਾ ਹੈ ਤਾਂ ਉਨ੍ਹਾਂ ਨੂੰ ਸਿੱਖਾਂ ਦੇ ਜਜ਼ਬਾਤ ਨੂੰ ਵੀ ਧਿਆਨ ਵਿਚ ਰੱਖ ਲੈਣਾ ਚਾਹੀਦਾ ਹੈ। ਇਸ ਦੌਰਾਨ, ਅਦਾਲਤ ਦੇ ਫੈਸਲਿਆਂ ਨੂੰ ਵੀ ਸਿੱਖ ਪੂਰਾ ਸਤਿਕਾਰ ਦੇਂਦੇ ਰਹਿਣਗੇ।

ਇਨਸਾਫ਼ ਦਾ ਕਤਲ

-ਬਲਜੀਤ ਸਿੰਘ ਸੰਪਾਦਕ ਅੱਜ ਦੀ ਆਵਾਜ॥

ਜਿਸ ਗੱਲ ਦਾ ਖਦਸ਼ਾ ਸੀ, ਉਹ ਗੱਲ ਆਖਰ ਵਾਪਰ ਗਈ। ਪੰਜਾਬ ਦੇ ਲੋਕ ਅਮਨ ਚੈਨ ਨਾਲ ਜੀਉਣ ਦੇ ਇਛੁੱਕ ਹਨ, ਪ੍ਰੰਤੂ ਕੁੱਝ ਕਾਲੀਆਂ ਤਾਕਤਾਂ ਨੂੰ ਇਹ ਗੱਲ ਪ੍ਰਵਾਨ ਨਹੀ। ਪੰਜਾਬ ਦੇ ਵਿਰੋਧੀਆਂ ਦੀ ਹਮੇਸ਼ਾ ਇਹ ਕੋਸ਼ਿਸ਼ ਰਹਿੰਦੀ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਇਸ ਧਰਤੀ ਨੂੰ ਅੱਗ ਲਾਈ ਜਾਵੇ। ਉਨ੍ਹਾਂ ਦੀ ਰਾਜਨੀਤੀ ਹੀ ਇਸ ਗੱਲ ਉੱਪਰ ਅਧਾਰਿਤ ਹੈ ਕਿ ਜੇਕਰ ਹਿੰਦੋਸਤਾਨ 'ਤੇ ਰਾਜ ਕਰਨਾ ਹੈ ਪੰਜਾਬ ਨੂੰ ਕੁੱਟਿਆ ਜਾਵੇ। ਉਹ ਕਦੇ ਵੀ ਅਜਿਹਾ ਮੌਕਾ ਹੱਥੋਂ ਜਾਣ ਨਹੀਂ ਦਿੰਦੇ ਜਿਸ ਨਾਲ ਪੰਜਾਬ ਨੂੰ ਮਾਰ ਪੈਂਦੀ ਹੋਵੇ। ਜਦੋਂ ਪੰਜਾਬ ਨੂੰ ਮਾਰ ਪੈਂਦੀ ਹੈ ਤਾਂ ਹਿੰਦੋਸਤਾਨ ਦਾ ਫਿਰਕੂ ਲਾਣਾ ਢਿੱਡੋਂ ਜ਼ੋਰ-ਜ਼ੋਰ ਦੀ ਹੱਸਦਾ ਹੈ। ਪੰਜਾਬ ਦਾ ਘਾਣ ਹੁੰਦਾ ਦੇਖ ਕੇ ਉਨ੍ਹਾਂ ਨੂੰ ਅਥਾਹ ਪ੍ਰਸੰਨਤਾ ਹੁੰਦੀ ਹੈ। ਪੰਜਾਬ ਦਾ ਅਮਨ-ਚੈਨ ਉਨ੍ਹਾਂ ਨੂੰ ਚੰਗਾ ਨਹੀਂ ਲੱਗਦਾ। ਉਹ ਨਹੀਂ ਚਾਹੁੰਦੇ ਕਿ ਪੰਜਾਬ ਖੁਸ਼ਹਾਲੀ ਦੀ ਗੱਲ ਕਰੇ ਅਤੇ ਪੰਜਾਬ ਦੇ ਲੋਕ ਵੀ ਸੰਸਾਰ ਨਾਲ ਮੋਢਾ ਜੋੜ ਕੇ ਚੱਲ ਸਕਣ। ਉਨ੍ਹਾਂ ਲਈ ਪੰਜਾਬ ਦਾ ਅਤੇ ਇਥੋਂ ਦੇ ਲੋਕਾਂ ਦੀ ਜ਼ਿੰਦਗੀ ਦਾ ਕੋਈ ਮਹੱਤਵ ਨਹੀਂ। ਮਹੱਤਵ ਹੈ, ਸਿਰਫ਼ ਨਾਪਾਕ ਰਾਜਸੀ ਏਜੰਡੇ ਨੂੰ ਅੱਗੇ ਲਿਜਾਣ ਦਾ। ਇਸ ਏਜੰਡੇ ਲਈ ਕਿਸੇ ਨੂੰ ਫਾਂਸੀ ਦੇਣਾ ਛੋਟੀ ਜਿਹੀ ਗੱਲ ਹੈ। ਹਜ਼ਾਰਾਂ ਪੰਜਾਬੀਆਂ ਦਾ ਕਤਲੇਆਮ ਵੀ ਉਨ੍ਹਾਂ ਲਈ ਆਮ ਘਟਨਾ ਹੈ। ਪੰਜਾਬ ਦੇ ਮਾਹੌਲ ਨੂੰ ਵਿਗਾੜਨ ਦੀ ਇਕ ਸਾਜਿਸ਼ ਮੁੜ ਪੈਰ ਪਸਾਰ ਰਹੀ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਦੇ ਕਤਲ ਕੇਸ ਨੂੰ ਇਸ ਸਾਜਿਸ਼ ਲਈ ਅਧਾਰ ਬਣਾਇਆ ਜਾ ਰਿਹਾ ਹੈ। ਬਾਰ੍ਹਾਂ ਸਾਲ ਪਹਿਲਾਂ ਹੋਏ ਇਸ ਕਤਲ ਨੂੰ ਅਧਾਰ ਬਣਾ ਕੇ ਅੱਧੀ ਦਰਜਨ ਨਿਰਦੋਸ਼ ਸਿੱਖ ਨੌਜਵਾਨਾਂ ਨੂੰ ਫਾਂਸੀ ਅਤੇ ਉਮਰ ਕੈਦ ਦੀ ਸਜ਼ਾ ਸਿਰਫ ਇਸ ਲਈ ਦਿੱਤੀ ਗਈ ਹੈ, ਤਾਂ ਜੋ ਸਿੱਖ ਭਾਈਚਾਰਾ ਮੁੜ ਉਤੇਜਨਾ ਦਾ ਸ਼ਿਕਾਰ ਹੋ ਕੇ ਹਿੰਸਾ ਦੇ ਰਾਹ ਪੈ ਜਾਵੇ। ਪੰਜਾਬ ਨੂੰ ਹਿੰਸਾ ਦੇ ਰਾਹ 'ਤੇ ਤੋਰਣ ਲਈ ਹੀ ਉਹ ਹਮੇਸ਼ਾ ਬੰਦੂਕ ਦੀ ਗੱਲ ਕਰਦੇ ਹਨ। 1984 ਦੇ ਬਲਿਊ ਸਟਾਰ ਅਪ੍ਰੇਸ਼ਨ ਤੋਂ ਬਾਅਦ ਇਹ ਪਹਿਲਾ ਮੌਕਾ ਹੈ ਜਦੋਂ ਲਹਿਰ ਵਿੱਚ ਸ਼ਾਮਿਲ ਗੁਰਸਿੱਖਾਂ ਨੂੰ ਪੰਜਾਬ ਦੀ ਅਦਾਲਤ ਵੱਲੋਂ ਫਾਂਸੀ ਦੀ ਸਜ਼ਾ ਸੁਣਾਈ ਗਈ ਹੈ। ਅਦਾਲਤ ਦਾ ਇਹ ਫੈਸਲਾ ਹਿੰਦੋਸਤਾਨ ਦੀ ਨਿਆਂ ਪ੍ਰਣਾਲੀ ਉੱਪਰ ਪ੍ਰਸ਼ਨ- ਚਿੰਨ ਹੈ। ਇਸ ਫੈਸਲੇ ਨਾਲ ਭਾਰਤ ਦੇ ਕਥਿਤ ਨਿਆਂਪ੍ਰਬੰਧ ਦਾ ਖੋਖਲਾਪਣ ਸਾਬਿਤ ਹੋ ਗਿਆ ਹੈ, ਕਿ ਇਸ ਨਿਆਂ ਪ੍ਰਬੰਧ ਵਿੱਚ ਕਿਸ ਤਰ੍ਹਾਂ ਝੂਠੀ ਕਹਾਣੀ ਅਤੇ ਸਰਾਸਰ ਝੂਠੇ ਗਵਾਹਾਂ ਦੇ ਅਧਾਰ ਉੱਪਰ ਨਿਰਦੋਸ਼ਾਂ ਨੂੰ ਕਿਵੇਂ ਦੋਸ਼ੀ ਬਣਾਇਆ ਜਾ ਸਕਦਾ ਹੈ। ਅਦਾਲਤ ਦਾ ਇਹ ਫੈਸਲਾ ਅਸਲ ਵਿੱਚ ਇਨਸਾਫ ਦਾ ਕਤਲ ਹੈ। ਇਨਸਾਫ ਦਾ ਇਹ ਕਤਲ ਰਾਸ਼ਟਰ ਦੇ ਮੱਥੇ ਉੱਪਰ ਕਾਲਖ ਬਣ ਗਿਆ ਹੈ। ਜੇਕਰ ਇਸ ਅਨਿਆਂ ਕਾਰਨ ਪੰਜਾਬ ਅੱਗ ਵਿੱਚ ਸੜਦਾ ਹੈ ਤਾਂ ਇਹ ਅੱਗ ਸਿਰਫ ਪੰਜਾਬ ਦੀ ਹੱਦ ਤੱਕ ਹੀ ਸੀਮਿਤ ਨਹੀਂ ਰਹੇਗੀ।

ਭਗਤ ਸਿੰਘ ਨੇਂ ਕੇਸ ਕਿਉਂ ਕਤਲ ਕਰਵਾਏ ?

(ਭਗਤ ਸਿੰਘ ਦੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਨਾਲ ਲਾਹੌਰ ਜੇਲ੍ਹ ਵਿਚ ਮੁਲਾਕਾਤ ਦੇ ਕੁਝ ਅੰਸ਼)

ਭਗਤ ਸਿੰਘ ਨੇਂ ਇਸ ਮੁਲਾਕਾਤ ਤੋਂ ਪਹਿਲਾਂ ਵੀ ਭਾਈ ਸਾਹਿਬ ਨਾਲ ਮੁਲਾਕਾਤ ਦੀ ਖਾਹਿਸ਼ ਜ਼ਾਹਿਰ ਕੀਤੀ ਸੀ, ਜੋ ਭਾਈ ਸਾਹਿਬ ਨੇ ਭਗਤ ਸਿੰਘ ਦੇ ਕੇਸ ਕਟੇ ਹੋਣ ਕਰਕੇ ਠੁਕਰਾ ਦਿੱਤੀ ਸੀ। ਕੁਝ ਸਮੇਂ ਬਾਅਦ ਭਾਈ ਸਾਹਿਬ ਦੀ ਜੇਲ੍ਹ ਤੋਂ ਰਿਹਾਈ ਦੇ ਹੁਕਮ ਆ ਗਏ, ਭਗਤ ਸਿੰਘ ਨੇਂ ਦੋਬਾਰਾ ਅਪੀਲ ਕੀਤੀ ਕਿ ਤੁਹਾਡੇ ਜੇਲ੍ਹ ਤੋਂ ਚਲੇ ਜਾਣ ਤੋਂ ਬਾਅਦ ਮੁਲਾਕਾਤ ਨਹੀ ਹੋ ਸਕੇਗੀ ਇਸ ਲਈ ਮੈਨੂੰ ਮਿਲ ਕੇ ਹੀ ਜਾਵੋ, ਮੇਰੀ ਬੇਨਤੀ ਹੈ। ਜੋ ਕਿ ਭਾਈ ਸਾਹਿਬ ਨੇ ਸਵੀਕਾਰ ਕਰ ਲਈ। ਮੁਲਾਕਾਤ ਦੇ ਲੰਮੇ ਚੋੜੇ ਵਿਸਥਾਰ ਵਿਚੋਂ ਅਸੀਂ ਕੁਝ ਅੰਸ਼ ਹੀ ਆਪ ਦੇ ਸਾਹਮਣੇ ਪੇਸ਼ ਕਰ ਰਹੇ ਹਾਂ। ਐਡੀਟਰ

ਭਗਤ ਸਿੰਘ - ਜਦੋਂ ਦਾਸ ਨੇ ਆਪ ਨੂੰ ਮੁਲਾਕਾਤ ਕਰਨ ਦਾ ਪਹਿਲਾ ਸੰਦੇਸਾ ਭੇਜਿਆ ਸੀ, ਉਸ ਸੰਦੇਸੇ ਦੇ ਉੱਤਰ ਵਿਚ ਜੋ ਆਪਦਾ ਹੁਕਮਨਾਮਾ ਕੇਸ ਦਾੜ੍ਹੀ ਰੱਖਣ ਦਾ ਪੁੱਜਾ ਸੀ, ਸੋ ਦਾਸ ਹਿਤੋਂ ਚਿਤੋਂ ਕਮਾਉਣ ਨੂੰ ਤਿਆਰ ਹੈ। ਆਪ ਦੇ ਅਗੇ ਬੜਾ ਸ਼ਰਮਸਾਰ ਭੀ ਹਾਂ ਅਤੇ ਨਿਝੱਕ ਹੋ ਕੇ ਦੱਸਣ ਨੂੰ ਤਿਆਰ ਹਾਂ ਕਿ ਮੈਂ ਜੋ ਕੁਛ ਦਾੜ੍ਹੇ ਦੀ ਬੇ-ਅਦਬੀ ਕਰ ਬੈਠਾ ਹਾਂ ਸੋ ਮਜਬੂਰਨ ਕਰ ਬੈਠਾ ਹਾਂ। ਸੇਵਾ ਉਪਕਾਰ ਹਿਤ ਮੈਨੂੰ ਮੇਰੇ ਸਾਥੀਆਂ ਨੇ ਮਜਬੂਰ ਕੀਤਾ ਸੀ ਕਿ ਇਸ ਵਡ-ਰੂਪੀ ਦਾ ਵੇਸ ਪਲਟਿਆ ਜਾਏ ਅਤੇ ਸੰਨਿਆਸੀ ਸਾਧੂ ਵਾਲਾ ਸੁਆਂਗ ਧਾਰਿਆ ਜਾਏ। ਸੋ ਮੈ ਇਸ ਕੁਸੰਗ ਦੇ ਅਧੀਨ ਹੋ ਕੇ ਏਹ ਬੇ-ਅਦਬੀ ਕਰ ਬੈਠਾ ਹਾਂ, ਹੁਣ ਜਿਵੇਂ ਆਪ ਦਾ ਹੁਕਮ ਹੋਵੇ।

ਭਾਈ ਸਾਹਿਬ - ਵੀਰ ਭਗਤ ਸਿੰਘ ਜੀ ! ਆਪ ਦੇ ਪਿਆਰ ਤੋਂ ਮੈਂ ਬਲਿਹਾਰ ਹਾਂ ਅਤੇ ਆਪ ਦੀ ਦੇਸ਼ ਭਗਤੀ ਵਾਲੀ ਉਪਕਾਰ ਸਪਿਰਟ ਤੋਂ ਭੀ ਬਲ ਬਲ ਜਾਂਦਾ ਹਾਂ। ਪਰ ਵੀਰ ਜੀ ! ਉਪਕਾਰ ਕਮਾਵਣ ਲਈ ਤੁਹਾਡੇ ਸਲਾਹਕਾਰਾਂ ਨੇ ਤੁਹਾਨੂੰ ਅੱਛੀ ਸਲਾਹ ਨਹੀਂ ਦਿੱਤੀ.........................

ਭਗਤ ਸਿੰਘ - ਕੇਸ ਤਾਂ ਮੈ ਰੱਖ ਲੈਂਦਾ, ਪਰ ਐਸਾ ਕਰਨ ਵਿਚ ਮੈਨੂੰ ਆਪਣੇ ਸਾਥੀ ਦੱਤ (ਭਟ ਕੇਸ਼ੂਰ ਦੱਤ) ਦੀ ਹਮਦਰਦੀ ਤੇ ਸਾਥੀ ਪੂਣੇ ਵਾਲੀ ਅਪਣਤ ਪ੍ਰਾਪਤ ਨਾ ਹੁੰਦੀ। ਦੂਜੀ ਮੈਨੂੰ ਏਡੀ ਸ਼ੁਹਰਤ ਹਾਸਲ ਨਾ ਹੁੰਦੀ ਜਿੱਡੀ ਕਿ ਅੱਜ ਅਖਬਾਰੀ ਦੁਨੀਆਂ ਵਿਚ ਹੋ ਰਹੀ ਹੈ। ਮੈਂ ਸੱਚ ਕਹਿੰਦਾ ਹਾਂ ਕਿ ਮੇਰੀ ਕੁਰਬਾਨੀ 1914-15 ਵਾਲੇ ਦੇਸ਼ ਭਗਤਾਂ ਦੀ ਕੁਰਬਾਨੀ ਦੇ ਮੁਕਾਬਲੇ ਐਵੇਂ ਤੁੱਛ ਮਾਤ੍ਰ ਹੈ। ਪਰ ਏਨੀਆਂ ਕੁਰਬਾਨੀਆਂ ਕਰਨ ਪਰ ਭੀ ਏਨ੍ਹਾਂ 1914-15 ਵਾਲਿਆਂ ਨੂੰ ਉਸ ਵਕਤ ਦੀ ਅਖਬਾਰੀ ਦੁਨਿਆ ਵਿਚ ਮਾਨ ਨਾ ਮਿਲਿਆ (ਕਿਉਂਕਿ ਉਹ ਪੂਰਨ ਸਿੱਖੀ ਸਰੂਪ ਵਿਚ ਸਨ) .... ਏਹ ਅਨਮਤੀ ਅਖਬਾਰਾਂ ਦੀ ਬਦੌਲਤ ਹੀ ਮੇਰੇ ਨਾਮ ਨੂੰ ਏਤਨੀ ਸ਼ੁਹਰਤ ਮਿਲੀ ਹੈ। ਮੈਂ ਸੱਚ ਕਹਿੰਦਾ ਹਾਂ ਕਿ ਜੇ ਮੈ ਸਿੱਖ ਸਮਝਿਆ ਜਾਂਦਾ ਤੇ ਮੇਰੇ ਸਿਰ ਮੂੰਹ ਉਤੇ ਕੇਸ ਦਾੜ੍ਹੇ ਵਾਲੀ ਸਿੱਖ ਦੀ ਨਿਸ਼ਾਨੀ ਹੁੰਦੀ ਤਾਂ ਏਹ ਅਨਮਤੀ ਅਖਬਾਰ ਮੇਰੀ ਸ਼ੋਭਾ/ ਵਡਿਆਈ ਵਿਚ ਇਕ ਲਫ਼ਜ਼ ਭੀ ਨ ਲਿਖਦੇ। ਜੈਸਾ ਕਿ ਆਪ ਸਾਹਿਬਾਨ ਦੀ ਬਾਬਤ ਏਨ੍ਹਾਂ ਕੁਛ ਨਹੀਂ ਲਿਖਿਆ। ਸਿੱਖ ਅਖਬਾਰਾਂ ਵਿਚੋਂ ਭੀ ਉਸ ਵਕਤ ਮਾੜਾ ਮੋਟਾ ਜੋ ਕੁਝ ਲਿਖਿਆ ਸੋ ਉਰਦੂ ਦੇ 'ਖਾਲਸਾ

ਅਖਬਾਰ ਲਾਹੌਰ' ਨੇ ਹੀ ਲਿਖਿਆ। ਉਹ ਭੀ ਮਹਿਦੂਦ ਸ਼ਕਲ ਵਿਚ । ਮੈਨੂੰ ਏਹ ਪਤਾ ਸੀ ਕਿ ਹਿੰਦੂ ਅਖਬਾਰ ਸਿੱਖ ਦੇਸ਼ ਭਗਤਾਂ ਦੀ ਵਡਿਆਈ ਲਿਖਣੋਂ ਖੁਣਸ ਖਾਂਦੇ ਹਨ ਤੇ ਏਨ੍ਹਾਂ ਨੂੰ ਉਨ੍ਹਾਂ ਦੀ ਵਡਿਆਈ ਭਾਉਂਦੀ ਨਹੀਂ। ਜੇ ਮੈਂ ਭੀ ਕੇਸ ਮੁੜ ਰਖ ਲੈਂਦਾ ਤਾਂ ਮੈਨੂੰ ਵਡਿਆਉਣਾ ਕਿਹਨੇ ਸੀ ? ਛੁਟਿਅਉਂਦੇ ਹੀ। ਏਸ ਕਰ ਕੇ ਮੈਂ ਕੇਸ ਮੁੜ ਰਖਣੋ ਹੋਰ ਘੇਸਲ ਵੱਟ ਛੱਡੀ। ਹੁਣ ਮੈਨੂੰ ਹੁਕਮ ਕਰੋ। ਆਪ ਦਾ ਹੁਕਮ ਇਸ਼ਾਰਾ ਇਹ ਹੈ ਕਿ ਮੈਂ ਫੇਰ ਕੇਸਾਧਾਰੀ ਹੋ ਜਾਵਾਂ। ਸੱਚ ਮੁੱਚ ਮੈਂ ਬਹੁਤ ਬੁਰਾ ਕੀਤਾ ਜੋ ਮੈ ਆਪਣੇ ਖਾਨਦਾਨ ਦੀ ਪੁਸ਼ਤ-ਬ-ਪੁਸ਼ਤ ਚਲੀ ਆ ਰਹੀ ਕੇਸ ਰੱਖਣ ਦੀ ਰਿਵਾਇਤ ਦੇ ਉਲਟ ਗੁਰੂ ਕੀ ਮੋਹਰ ਦੀ ਬੇਅਦਬੀ ਕੀਤੀ। ਪਰ ਮੈ ਆਪ ਪਾਸੋਂ ਇਕ ਹੋਰ ਗੱਲ ਛੁਪਾਉਣੀ ਭੀ ਪਾਪ ਸਮਝਦਾ ਹਾਂ। ਉਹ ਇਹ ਕਿ ਚਾਹੇ ਸਾਡੇ ਖਾਨਦਾਨ ਵਿਚ ਪਿਤਾ ਪੁਰਖੀ ਕੇਸ ਰੱਖਣ ਦੀ ਰੀਤ ਚਲੀ ਆਈ ਹੈ ਤੇ ਮੇਰੇ ਉਸ ਖਾਨਦਾਨੀ ਰਵਾਇਤੀ ਰੀਤ ਕਰ ਕੇ ਕੇਸ ਰਖੇ ਹੋਏ ਸਨ। ਮੈਂ ਆਪਣੇ ਆਪ ਨੂੰ ਸਿੱਖ ਸਦਵਾਉਣਾ ਵੀ ਫਖਰ ਸਮਝਦਾ ਹਾਂ ਪਰ............

ਭਾਈ ਸਾਹਿਬ - ਫਾਂਸੀ ਚੜਨ ਤੋਂ ਪਹਿਲਾਂ ਜੇ ਤੁਹਾਡੀ ਨਾਸਤਕਤਾ ਦੂਰ ਹੋ ਜਾਂਦੀ ਤਾਂ ਬੜੀ ਹੀ ਚੰਗੀ ਗੱਲ ਹੁੰਦੀ। ਚਾਹੇ ਤੂੰ ਰੱਬ ਨੂੰ ਨਹੀ ਮੰਨਦਾ ਪਰ ਇਕ ਗੱਲ ਯਾਦ ਰੱਖ ਤੇ ਉਸ ਉਪਰ ਆਪਣਾ ਨਿਸਚਾ ਕਾਇਮ ਕਰ ਤੇ ਇਹ ਗੱਲ ਹਿਰਦੇ ਉਪਰ ਉੱਕਰ ਲੈ ਕਿ ਤੈਂ ਮਰਨਾ ਨਹੀਂ, ਮੁੜ ਕੇ ਫੇਰ ਆਉਣਾ ਹੈ, ਆਤਮਾ ਅਜਰ ਅਮਰ ਹੈ, ਏਸ ਨੇ ਮੁੱਕ ਨਹੀਂ ਜਾਣਾ, ਏਸ ਨੇ ਬਾਰ ਬਾਰ ਆਉਣਾ ਹੈ..... ਬੱਸ ਤੂੰ ਏਹ ਗਲ ਪੱਥਰ ਤੇ ਲਕੀਰ ਸਮਝ ਕਿ ਤੈਂ ਮਰਨਾ ਮੁੱਕਣਾ ਨਹੀਂ, ਫੇਰ ਆਉਣਾ ਹੈ। ਜਰਾ ਅੰਦਰ ਝਾਤੀ ਮਾਰ ਕਿ ਤੂੰ ਕੀ ਹੈ?

ਭਗਤ ਸਿੰਘ - ਸੋ ਮੈਨੂੰ ਨਾ ਸਿਰਫ਼ ਏਹ ਨਿਸਚਾ ਹੈ ਕਿ ਮੈਂ ਨਹੀਂ ਮਰਨਾ ਅਤੇ ਮੈਂ ਸਦਾ ਜੀਵਨਹਾਰੀ ਆਤਮਾ ਹਾਂ ਬਲਕਿ ਮੈਨੂੰ ਇਹ ਭੀ ਨਿਸਚਾ ਹੋ ਗਿਆ ਹੈ ਕਿ ਰੱਬ ਵੀ ਹੈ ਅਤੇ ਉਸ ਰੱਬ ਨੂੰ ਆਪ ਨੇ ਆਪਣੀ ਅੱਖੀ ਦੇਖਿਆ ਹੈ। ਸੋ ਆਪ ਨੂੰ ਇਸ ਤੋਂ ਅਧਿਕ ਸੱਚੀ ਖੁਸ਼ੀ ਨਹੀਂ ਹੋਵੇਗੀ ਕਿ ਅੱਜ ਤੋਂ ਆਪ ਦਾ ਪਿਆਰਾ ਭਗਤ ਸਿੰਘ ਆਤਮ ਜੀਵਨੀ ਆਸਤਕ ਭਗਤ ਸਿੰਘ ਹੈ ਅਤੇ ਆਸਤਕ ਨਿਸਚੇ ਨੂੰ ਨਿਸਚਤ ਕਰਦਾ ਹੋਇਆ ਹੀ ਜਾਨ ਦੇਵੇਗਾ ਅਤੇ ਹੁਣ ਆਪ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਅੱਜ ਤੋਂ ਆਪਣਾ ਦਾੜ੍ਹਾ ਕੇਸ ਕਦੇ ਨਹੀਂ ਕਟਾਵਾਂਗਾ ਅਤੇ **ਸਿੱਖ ਨਿਸਚੇ ਵਿਚ ਹੀ ਚੜ੍ਹਾਈ ਕਰਾਂਗਾ।**

ਭਾਈ ਰਣਧੀਰ ਸਿੰਘ ਜੀ ਦੀ ਪੁਸਤਕ ਜੇਲ ਚਿੱਠੀਆਂ ਵਿਚੋਂ ਧੰਨਵਾਦ ਸਹਿਤ।

ਉਪਰਲੀ ਵਾਰਤਾ ਤੋਂ ਇਕ ਗੱਲ ਸਪਸ਼ਟ ਹੈ ਕਿ ਉਸ ਸਮੇਂ ਸਿਖਾਂ ਕੋਲ ਆਪਣੀ ਪ੍ਰੈਸ ਦੀ ਘਾਟ ਸੀ ਜਿਸ ਕਰਕੇ ਸਿਖਾਂ ਵਿਚ ਨਿਰਾਸਤਾ ਛਾਈ ਹੋਈ ਸੀ। ਅੱਜ ਲਗਭਗ ਅਸੀ ਸਾਲ ਗੁਜਰ ਜਾਣ ਤੇ ਵੀ ਸਿਖਾਂ ਦੀ ਕੋਈ ਮਜ਼ਬੂਤ ਪ੍ਰੈਸ ਯਾ ਟੀ.ਵੀ. ਚੈਨਲ ਨਹੀ ਹੈ, ਜਿਸ ਦੀ ਬੜੀ ਸਖਤ ਲੋੜ ਹੈ। ਸਿਖਾਂ ਨੂੰ ਬੇਲੋੜੀ ਗੁਰਦੁਵਾਰਾ ਇਮਾਰਤਾਂ ਅਤੇ ਵਿਖਾਵੇ ਦੇ ਕੰਮਾਂ ਉਤੇ ਬੇ-ਲੋੜੇ ਖਰਚੇ ਨਹੀਂ ਕਰਨੇ ਚਾਹਿਦੇ। ਸਗੋਂ ਜਹਿੜਾ ਅਖਬਾਰ ਸਿਖਾਂ ਨਾਲ ਹੋਂਦੇ ਧਕਿਆ ਦੇ ਖਿਲਾਫ਼ ਆਵਾਜ਼ ਉਠਾਉਂਦਾ ਹੈ ਉਸ ਦੀ ਤਨੋਂ ਅਤੇ ਮਨੋਂ ਸਹਾਇਤਾ ਕਰਨੀ ਚਾਹੀਦੀ ਹੈ। ਇਸ ਵਕਤ ਤਾਂ ਆਸ ਦੀ ਕਿਰਨ ਕੇਵਲ ਰੋਜ਼ਾਨਾ ਸਪੋਕਸਮੈਨ ਚੰਢੀਗੜ੍ਹ ਵਿਚੋਂ ਹੀ ਦਿਖਾਈ ਦਿੰਦੀ ਹੈ। ਸੋ ਸਾਨੂੰ ਸਾਰਿਆਂ ਨੂੰ ਇਸ ਦੀ ਮਦੱਦ ਕਰਨੀ ਚਾਹੀਦੀ ਹੈ।

-ਸੰਪਾਦਕ

ਖਬਰ ਨਾਮਾ

1. ਬਾਬਾ ਜੀ "ਕਾਰ ਸੇਵਾ" ਕਰਦੇ ਕਰਦੇ ਕ੍ਰੋੜਪਤੀ ਬਣ ਗਏ

ਅੰਗਰਜ਼ੀ ਦੀ ਮਸ਼ਹੂਰ ਅਖਬਾਰ ਰੋਜ਼ਾਨਾ ਟ੍ਰਿਬਿਊਨ ਦੀ ਇਕ ਖਬਰ ਮੁਤਾਬਕ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਹੋਰ ਗੁਰਦੁਆਂਰਿਆਂ ਦੀ ਕਾਰ ਸੇਵਾ ਕਰਾਉਣ ਵਾਲੇ ਬਾਬਾ ਅਮ੍ਰੀਕ ਸਿੰਘ ਨੇ "ਕਾਰ ਸੇਵਾ" ਵਿਚੋ ਕਰੋੜਾਂ ਰੁਪਏ ਕਮਾਏ। ਅੱਜ ਉਹਨਾਂ ਦੀ ਦੌਲਤ ਦਾ ਮੋਟਾ ਮੋਟਾ ਵੇਰਵਾ ਇਉਂ ਹੈ :-

1. ਸਿੰਚੂਰੀਅਨ ਬੈਂਕ ਕੋਰਟ ਰੋਡ ਅੰਮ੍ਰਿਤਸਰ	ਰੁ: 43,51,668.00
2. ਸਿੰਚੂਰੀਅਨ ਬੈਂਕ ਗੋਲਡਨ ਟੈਂਪਲ ਬ੍ਰਾਂਚ	ਰੁ: 06,01,825.00
3. ,, ,, ,, ,, ,,	ਰੁ: 31,73,179.00
4. ,, ,, ,, ,, ,,	ਰੁ: 49,98,760.00
5. ਸਿੰਚੂਰੀਅਨ ਬੈਂਕ ਪਟਿਆਲਾ	ਰੁ: 12,000.00
6. ,, ,, ,, ,,	ਰੁ: 07,76,871.00
7. ,, ,, ,, ,,	ਰੁ: 01,55,933.00
8. ਪੰਜਾਬ ਐਂਡ ਸਿੰਧ ਬੈਂਕ ਅੰਮ੍ਰਿਤਸਰ	ਰੁ: 13,73,919.00
9. ਸਟੇਟ ਬੈਂਕ ਆਫ ਪਟਿਆਲਾ ਸਨੌਰ	ਰੁ: 83,924.00
10.ਐਚ.ਡੀ.ਐਫ. ਸੀ. ਬੈਂਕ ਅੰਮ੍ਰਿਤਸਰ	ਰੁ: 05,38,814.00
11. ਕੈਨਰਾ ਬੈਂਕ ਅੰਮ੍ਰਿਤਸਰ	ਰੁ: 13,27,127.00

ਇਸ ਤੋਂ ਬਗੈਰ ਹੋਰ ਬਹੁਤ ਜਇਦਾਦਾਂ ਹਨ। ਖਬਰ ਦਾ ਪੂਰਾ ਵੇਰਵਾ ਅੰਗਰੇਜੀ ਵਿਚ ਪੜੋ ।

2. ਅਗਵਾਹ ਕੀਤਾ ਬੰਦਾ, ਡੇਰੇ ਵਿਚੋਂ ਮਿਲਿਆ

ਦੂਜੀ ਖਬਰ ਸਾਨੂੰ ਜਲੰਧਰ ਤੋਂ ਮਿਲੀ ਹੈ ਜੋ ਕੇ ਚੰਡੀਗੜ੍ਹ ਤੋਂ ਛਪਦੇ ਅਖਬਾਰ Indian Express ਨੇ ਛਾਪੀ ਹੈ।

17 ਜੁਲਾਈ 2007 ਦੀ ਰਾਤ ਨੂੰ ਜਲੰਧਰ-ਹੁਸ਼ਿਆਰਪੁਰ ਦੀ ਜਰਨੈਲੀ ਸੜਕ ਤੋਂ ਸ੍ਰੀ ਮਦਨ ਲਾਲ ਨੂੰ ਅਗਵਾਹ ਕੀਤਾ ਗਿਆ। ਚਾਰ ਦਿਨ ਬਾਅਦ ਪੁਲੀਸ ਦੇ ਛਾਪੇ ਵਿਚ ਇਹ ਬੰਦਾ, ਖਿਆਲਾ ਪਿੰਡ ਵਿਚੋਂ ਬਾਬਾ ਸ਼ਮਸ਼ੇਰ ਸਿੰਘ ਦੇ ਡੇਰੇ ਵਿਚੋਂ ਬਰਾਮਦ ਕੀਤਾ ਗਿਆ, ਇਹ ਪਿੰਡ ਲੋਪੋਕੇ ਥਾਣੇ ਦੇ ਇਲਾਕੇ ਵਿਚ ਪੈਂਦਾ ਹੈ।

3. The Jihad at our door

fifth COLUMN
Tavleen Singh

If you covered Punjab in the eighties as closely as I did you would not need to be told that Sant Jarnail Singh Bhindranwale could have been stopped without blowing up the Akal Takht and Killing hundreds of people in the battle of the Golden Temple. You would not need to be told either that Punjab's decade of terrorism began as a result of the botched attack, and who knows Indira Gandhi may still have been alive. Bhindranwale moved into the Golden Temple with a handful of armed followers in 1982, Between then and the summer of 1984 there must have been a hundred opportunities to persuede him to desist from his violent ways. But for reasons that remain a mystery these opportunities were never taken.

ਸ਼ਹੀਦ ਸ: ਭਗਤ ਸਿੰਘ

ਇਹ ਫੋਟੋ ਭਗਤ ਸਿੰਘ ਦੇ ਫਾਂਸੀ ਲਗਣ ਤੋਂ ਕੁਝ ਮਿੰਟ ਪਹਿਲਾਂ ਦਿੱਲੀ ਦੇ ਸੱਜਣ ਸ਼ਾਮ ਲਾਲ ਨੇ ਖਿਚਿਆ ਸੀ।

ਇਸ ਟ੍ਰੈਕਟ ਦੀਆਂ ਕਾਪੀਆਂ ਮੰਗਵਾਉਂਣ ਲਈ ਲਿਖੋ

ਦਲੀਪ ਸਿੰਘ "ਕਸ਼ਮੀਰੀ" ਪ੍ਰਧਾਨ

ਪੰਜਾਬ ਖਾਲਸਾ ਟ੍ਰੈਕਟ ਸੋਸਾਇਟੀ (ਰਜਿ.)

ਸਮਾਜ ਸੇਵਕ

ਕੈਂਸਰ ਵਿਭਾਗ, ਪੀ: ਜੀ: ਆਈ ਚੰਡੀਗੜ੍ਹ ।

#2532,ਸੈਕਟਰ 47, ਚੰਡੀਗੜ੍ਹ ।

ਫੋਨ : (ਘਰ) 0172-2630903

AUGUST 2007, 4000 Copies printed for FREE DISTRIBUTION

Designed & Printed at : Sidharth Media Printers # 24/9, Ind.Area, Ph.-II, Chd., Ph. : 94170-72466